ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ

Rs.10/-

Excellence in Agri Info

KHETI DUNIYAN, PATIALA

# ਖੇਤੀ ਦੁਨੀਆਂ

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 14-02-2026 • Vol.44 No.07 • M. 90410-14575 • Page 16 E-mail : khetiduniyan1983@gmail.com

# ਕਣਕ ਦਾ ਝਾੜ ਅਤੇ ਮਿਆਰ ਵਧਾਉਣ ਦੇ ਨੁਕਤੇ



ਕਿਸੇ ਵੀ ਫ਼ਸਲ ਦੇ ਵਾਧੇ ਲਈ ਵੱਖ-ਵੱਖ ਪੜਾਵਾਂ ਤੇ ਸਹੀ ਮੌਸਮ ਦਾ ਹੋਣਾ ਲਾਜ਼ਮੀ ਹੈ। ਉਸੇ ਤਰ੍ਹਾਂ ਕਣਕ ਦੇ ਵਾਧੇ ਅਤੇ ਦਾਣੇ ਭਰਨ ਸਮੇਂ ਵੱਧ ਤੋਂ ਵੱਧ ਤਾਪਮਾਨ 15-22 ਅਤੇ 21-28 ਡਿਗਰੀ ਸੈਂਟੀਗਰੇਡ ਅਤੇ ਘੱਟ ਤੋਂ ਘੱਟ ਤਾਪਮਾਨ 4-11 ਅਤੇ 7-13 ਡਿਗਰੀ ਸੈਂਟੀਗਰੇਡ ਰਹਿਣ ਨਾਲ ਹੀ ਵੱਧ ਝਾੜ ਲਿਆ ਜਾ ਸਕਦਾ ਹੈ। ਲੋੜੀਂਦੇ ਤਾਪਮਾਨ ਤੋਂ ਵੱਧ ਗਰਮੀ ਕਣਕ ਦੀ ਫ਼ਸਲ ਲਈ ਹਾਨੀਕਾਰਕ ਹੋ ਸਕਦੀ ਹੈ, ਇਸ ਨੂੰ ਗਰਮੀ ਦਾ ਤਣਾਅ ਜਾਂ ਹੀਟ ਸਟਰੈੱਸ ਕਹਿੰਦੇ ਹਨ। ਵੱਧ ਗਰਮੀ ਕਰਕੇ ਦਾਣੇ ਭਰਨ ਸਮੇਂ ਕਣਕ ਪਹਿਲਾਂ ਪੱਕ ਜਾਂਦੀ ਹੈ ਅਤੇ ਦਾਣੇ ਮਾਜੂ ਰਹਿ ਜਾਂਦੇ ਹਨ ਅਤੇ ਸੋਕੇ ਕਾਰਨ ਦਾਣਿਆਂ ਦਾ ਭਾਰ ਘੱਟ ਜਾਂਦਾ ਹੈ। ਇਸ ਤਣਾਅ ਉੱਪਰ ਕਾਬੂ ਪਾਉਣ ਲਈ ਪੋਟਾਸ਼ ਤੱਤ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ, ਕਿਉਂਕਿ :

★ ਪੋਟਾਸ਼ ਤੱਤ ਕਣਕ ਦੀ ਗੁਣਵੱਤਾ ਨੂੰ ਵਧਾਉਂਦਾ ਹੈ।

★ ਪਾਣੀ ਦੀ ਮਾਤਰਾ ਨੂੰ ਸੰਤੁਲਿਤ ਰੱਖਣ ਅਤੇ ਸੋਕੇ ਤੋਂ ਬਚਾਉਣ ਵਿੱਚ ਸਹਾਈ ਹੁੰਦਾ ਹੈ।

★ ਨਾਈਟ੍ਰੋਜਨ ਤੱਤ ਨੂੰ ਖਿੱਚਣ ਵਿੱਚ ਸਹਾਇਤਾ ਕਰਦਾ ਹੈ।

★ ਤੇਜ਼ ਹਨੇਰੀ ਅਤੇ ਝੱਖੜ ਦੀ ਸਥਿਤੀ ਵਿੱਚ ਕਣਕ ਨੂੰ ਡਿੱਗਣ ਤੋਂ ਬਚਾਉਂਦਾ ਹੈ।

★ ਪੋਟਾਸ਼ ਤੱਤ ਵੱਧ ਤਾਪਮਾਨ ਦੇ ਮਾੜੇ ਪ੍ਰਭਾਵ ਤੋਂ ਕਣਕ ਨੂੰ ਬਚਾਉਂਦਾ ਹੈ।

★ ਪੋਟਾਸ਼ ਤੱਤ ਪੌਦੇ ਨੂੰ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ।

### ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਛਿੜਕਾਅ ਦੇ ਫਾਇਦੇ

ਪੀ. ਏ. ਯੂ. ਲੁਧਿਆਣਾ ਦੁਆਰਾ ਕਣਕ ਦੀ ਫ਼ਸਲ ਨੂੰ ਅਖੀਰਲੇ ਗਰਮੀ ਦੇ ਤਣਾਅ ਤੋਂ ਬਚਾਉਣ ਲਈ ਦਾਣੇ ਭਰਨ ਸਮੇਂ ਅਤੇ ਵੱਧ ਝਾੜ ਲੈਣ ਲਈ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ (4 ਕਿਲੋ 13:0:45 ਨੂੰ 200 ਲਿਟਰ ਪਾਣੀ ਵਿੱਚ) ਦੇ ਦੋ ਛਿੜਕਾਅ ਪਹਿਲਾਂ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਇਹਨਾਂ ਛਿੜਕਾਵਾਂ ਨਾਲ ਦਾਣਿਆਂ ਦੇ ਵਜ਼ਨ ਅਤੇ ਪ੍ਰਤੀ ਸਿੱਟਾ ਦਾਣਿਆਂ ਦੀ ਗਿਣਤੀ ਵੱਧਣ ਨਾਲ ਕਣਕ ਦੇ ਝਾੜ ਵਿੱਚ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ ਮਾਰਚ ਦੇ ਅਖੀਰ ਵਿੱਚ ਜੇਕਰ ਤਾਪਮਾਨ ਵੱਧ ਜਾਵੇ ਤਾਂ ਹਲਕਾ ਪਾਣੀ ਜ਼ਰੂਰ ਲਗਾਉ।

### ਕਣਕ ਦੇ ਬੀਜ ਦੀ ਗੁਣਵੱਤਾ ਵਧਾਉਣ ਵਿੱਚ ਇੱਕ ਤੱਤ ਦਾ ਯੋਗਦਾਨ

ਹਾਲਾਂਕਿ ਜਿਨ੍ਹਾਂ ਕਿਸਾਨ ਵੀਰਾਂ ਨੇ ਝੋਨੇ/ਬਾਸਮਤੀ ਵਿੱਚ ਸਿਫ਼ਾਰਸ਼ ਜ਼ਿੰਕ ਦੀ ਪੂਰੀ ਮਾਤਰਾ ਪਾਈ ਹੈ ਉੱਥੇ ਜ਼ਿੰਕ ਤੱਤ ਦੀ ਘਾਟ ਆਉਣ ਦੇ ਅਸਾਰ ਕਾਫੀ ਘੱਟ ਜਾਂਦੇ ਹਨ। ਜੇਕਰ ਮਿੱਟੀ ਪਰਖ ਰਿਪੋਰਟ ਵਿੱਚ ਜ਼ਿੰਕ 600 ਗ੍ਰਾਮ ਪ੍ਰਤੀ ਏਕੜ ਤੋਂ ਘੱਟ ਹੋਵੇ ਤਾਂ ਵੀ ਕਣਕ ਵਿੱਚ ਜ਼ਿੰਕ ਦੀ ਘਾਟ ਦਿਖਾਈ ਦੇ ਸਕਦੀ ਹੈ। ਕਣਕ ਦੀ ਫ਼ਸਲ ਤੇ ਜ਼ਿੰਕ ਦੀ ਘਾਟ ਨਾਲ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ, ਕਣਕ ਪੂਰਾ ਬੂਝਾ ਨਹੀਂ ਮਾਰਦੀ ਅਤੇ ਬੂਟੇ ਝਾੜੀ ਵਰਗੇ ਬਣ ਜਾਂਦੇ ਹਨ। ਪੱਤੇ ਲੱਕ ਵਿਚਕਾਰੋਂ ਪੀਲੇ ਪੈ ਜਾਂਦੇ ਹਨ ਅਤੇ ਬਾਅਦ ਵਿੱਚ ਉੱਥੋਂ ਟੁੱਟ ਕੇ ਲਮਕ ਜਾਂਦੇ ਹਨ। ਜ਼ਿੰਕ ਦੀ ਘਾਟ ਫ਼ਸਲ ਉੱਤੇ ਜ਼ਿੰਕ ਸਲਫ਼ੇਟ (0.5%) ਦੀ ਸਪਰੇਅ ਕਰਨ ਨਾਲ ਵੀ ਪੂਰੀ ਕੀਤੀ ਜਾ ਸਕਦੀ ਹੈ। ਇੱਕ ਏਕੜ ਲਈ ਇੱਕ ਕਿਲੋ ਜ਼ਿੰਕ ਸਲਫੇਟ (21% ਵਾਲਾ) ਅਤੇ ਅੱਧਾ ਕਿਲੋ ਅਣਬੁਝਿਆ ਚੂਨਾ 200 ਲਿਟਰ ਪਾਣੀ ਵਿੱਚ ਘੋਲ ਕੇ 15 ਦਿਨਾਂ ਦੀ ਵਿੱਥ ਤੇ 2-3 ਵਾਰ ਛਿੜਕਾਅ ਕਰੋ।

### ਕਣਕ ਦੇ ਦਾਣਿਆਂ ਵਿੱਚ ਜ਼ਿੰਕ ਦਾ ਮਾਤਰਾ ਵਧਾਉਣਾ

ਜ਼ਿੰਕ ਤੱਤ ਕਣਕ ਦੀ ਪੌਸ਼ਟਿਕ ਗੁਣਵੱਤਾ ਵਧਾਉਣ ਵਿੱਚ ਸਹਾਈ ਹੁੰਦਾ ਹੈ। ਜਿੰਨਾਂ ਕਿਸਾਨ ਵੀਰਾਂ ਨੇ ਪੀਏਯੂ ਲੁਧਿਆਣਾ ਦੁਆਰਾ ਸਿਫ਼ਾਰਸ਼ ਕਣਕ ਦੀਆਂ ਵੱਧ ਜ਼ਿੰਕ ਦੀ ਮਾਤਰਾ ਵਾਲੀਆਂ ਦੋ ਕਿਸਮਾਂ ਭਾਵ ਪੀ ਬੀ ਡਬਲਯੂ 1 ਜ਼ਿੰਕ ਅਤੇ ਪੀ ਬੀ ਡਬਲਯੂ ਜ਼ਿੰਕ 2 ਨਹੀਂ ਲਗਾਈਆਂ, ਉਹ ਕਿਸਾਨ ਵੀ ਹੋਰ ਕਿਸਮਾਂ ਵਿੱਚ ਦਾਣਿਆਂ ਵਿੱਚ ਜ਼ਿੰਕ ਦੀ ਮਾਤਰਾ ਵਧਾਉਣ ਲਈ 0.5% ਜ਼ਿੰਕ ਸਲਫੇਟ (21% ਵਾਲਾ) ਦੇ ਇੱਕ ਜਾਂ ਦੋ ਛਿੜਕਾਅ (ਸਿੱਟੇ ਨਿਕਲਣ ਸਮੇਂ ਤੋਂ ਦਾਣੇ ਬਣਨੇ ਸ਼ੁਰੂ ਹੋਣ ਤੱਕ) ਸ਼ਾਮ ਦੇ ਸਮੇਂ ਕਰ ਸਕਦੇ ਹਨ।

**- ਅਸ਼ੋਕ ਕੁਮਾਰ ਗਰਗ ਅਤੇ ਰਮਿੰਦਰ ਸਿੰਘ ਘੁੰਮਣ, ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ (ਮੋਬਾਇਲ 95018-55223)**

## ਸਰ੍ਹੋਂ ਦੀ ਫ਼ਸਲ ਵਿੱਚ ਚਿੱਟੀ ਕੁੰਗੀ ਦੀ ਸਰਵਪੱਖੀ ਰੋਕਥਾਮ

ਪੰਜਾਬ ਵਿੱਚ ਇਸ ਵਰ੍ਹੇ (2025-26) ਬਹੁਤ ਵੱਡੇ ਰਕਬੇ ਉੱਪਰ ਤੇਲ ਬੀਜ ਫ਼ਸਲਾਂ ਦੀ ਕਾਸ਼ਤ ਦਾ ਅਨੁਮਾਨ ਹੈ ਜਿਨ੍ਹਾਂ ਵਿੱਚੋਂ ਪ੍ਰਮੁੱਖ ਸਰ੍ਹੋਂ ਦੀ ਫ਼ਸਲ ਹੈ। ਸਰ੍ਹੋਂ ਦੀ ਫ਼ਸਲ ਉੱਪਰ ਬਹੁਤ ਸਾਰੇ ਕੀੜੇ ਮਕੌੜੇ ਅਤੇ ਬਿਮਾਰੀਆਂ ਹਮਲੇ ਕਰਦੇ ਹਨ ਜਿਨ੍ਹਾਂ ਵਿੱਚ ਮੁੱਖ ਤੌਰ ਤੇ ਚਿੱਟੀ ਕੁੰਗੀ ਨਾਂ ਦੀ ਬਿਮਾਰੀ ਹੈ ਜੋ ਕਿ ਫ਼ਸਲ ਦੀ ਉਪਜ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੀ ਹੈ। ਇਸ ਬਿਮਾਰੀ ਦੀ ਰੋਕਥਾਮ ਲਈ ਬਿਮਾਰੀ ਦੇ ਲੱਛਣਾਂ ਦੀ ਪਛਾਣ, ਰੋਕਥਾਮ ਦੇ ਢੰਗ ਅਤੇ ਅਨੁਕੂਲ ਮੌਸਮੀ ਕਾਰਕਾਂ ਬਾਰੇ ਜਾਣਕਾਰੀ ਹੋਣਾ ਬਹੁਤ ਹੀ ਜ਼ਰੂਰੀ ਹੈ। ਜੋ ਕਿ ਇਸ ਤਰ੍ਹਾਂ ਹਨ :-



**ੳ) ਅਨੁਕੂਲ ਮੌਸਮੀ ਕਾਰਕ** : ਮੌਸਮ ਵਿੱਚ 13-25 ਡਿਗਰੀ ਸੈਂਟੀਗ੍ਰੇਡ ਤਾਪਮਾਨ ਅਤੇ 75% ਤੋਂ ਵੱਧ ਨਮੀ ਦੀ ਮਾਤਰਾ ਇਸ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੈ।

**ਅ) ਲੱਛਣ** : ਸ਼ੁਰੂਆਤੀ ਦੌਰ ਵਿੱਚ ਬੂਟੇ ਹੇਠਲੀ ਪੱਤਿਆਂ ਦੇ ਪਿਛਲੇ ਪਾਸੇ ਚਿੱਟੇ ਜਾਂ ਬਦਾਮੀ ਰੰਗ ਦੇ ਦਾਣੇ ਜਿਹੇ ਬਣ ਜਾਂਦੇ ਹਨ। ਬੂਟੇ ਦੀ ਬਿਮਾਰੀ ਨਾਲ ਪ੍ਰਭਾਵਿਤ ਹਿੱਸੇ ਆਕਾਰ ਵਿੱਚ ਮੋਟੇ, ਭਾਵ ਫੁੱਲ ਜਾਂਦੇ ਹਨ। ਫੁੱਲਾਂ ਦੀ ਸ਼ਕਲ ਵਿਗੜ ਜਾਂਦੀ ਹੈ ਅਤੇ ਫ਼ਲੀਆਂ ਵਿੱਚ ਦਾਣੇ ਨਹੀਂ ਬਣਦੇ। ਇਹ ਬਿਮਾਰੀ ਬੂਟੇ ਦੇ ਪੱਤਿਆਂ ਤੋਂ ਇਲਾਵਾ ਤਣੇ ਅਤੇ ਫੁੱਲਾਂ ਉੱਪਰ ਵੀ ਹਮਲਾ ਕਰਦੀ ਹੈ।

**ੲ) ਰੋਕਥਾਮ** : ਇਸ ਬਿਮਾਰੀ ਤੋਂ ਬਚਾਅ ਲਈ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਨਸ਼ਟ ਕਰ ਦਿਉ। ਇਸ ਤੋਂ ਇਲਾਵਾ ਇਸ ਬਿਮਾਰੀ ਦੀ ਰੋਕਥਾਮ ਲਈ 250 ਗ੍ਰਾਮ ਰਿਡੋਮਿਲ ਗੋਲਡ (ਮੈਟਾਲੈਕਸਿਲ 4% + ਮੈਂਕੋਜ਼ਿਬ 64%) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ 60 ਦਿਨ ਅਤੇ 80 ਦਿਨਾਂ ਬਾਅਦ ਛਿੜਕਾਅ ਕਰੋ। ਲੋੜ ਪੈਣ ਤੇ ਇਹ ਛਿੜਕਾਅ 20 ਦਿਨਾਂ ਬਾਅਦ ਫਿਰ ਦੁਹਰਾਓ।

**- ਲਵਲੀਨ ਗਿੱਲ, ਸ. ਅਰਸਦੀਪ ਸਿੰਘ ਸਿੱਧੂ, ਸਹਾਇਕ ਪ੍ਰੋਫੈਸਰ, ਖੇਤੀਬਾੜੀ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ (ਪੰਜਾਬ)**



## ਪੱਤਝੜ ਰੁੱਤ ਦੇ ਨਵੇਂ ਲਗਾਏ

# ਫਲਦਾਰ ਪੌਦਿਆਂ ਦੀ ਸ਼ੁਰੂਆਤੀ ਸਾਂਭ-ਸੰਭਾਲ

**ਡਾ. ਮਹਾਂਬੀਰ ਸਿੰਘ ਸੰਧੂ ਅਤੇ ਡਾ. ਅਮਰਜੀਤ ਕੌਰ,**
ਖੇਤੀਬਾੜੀ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ (ਮੋ. 81980-02922)

ਪੱਤਝੜੀ ਫਲਦਾਰ ਪੌਦੇ ਜਿਵੇਂ ਕਿ ਨਾਸ਼ਪਤੀ, ਆੜੂ, ਅਲੂਚਾ ਅਤੇ ਅੰਗੂਰ ਆਦਿ ਲਈ ਸਥਿਲ ਅਵਸਥਾ ਅਤੇ ਸਰਦ ਰੁੱਤ ਵਿੱਚ ਲਗਾਉਣਾ ਅਨੁਕੂਲ ਮੰਨਿਆ ਜਾਂਦਾ ਹੈ। ਆੜੂ ਅਤੇ ਅਲੂਚੇ ਦੇ ਬੂਟੇ ਨਵਾਂ ਫੁਟਾਰਾ ਸ਼ੁਰੂ ਹੋਣ ਤੋਂ ਪਹਿਲਾਂ ਅੱਧ ਜਨਵਰੀ ਤੱਕ ਖੇਤ ਵਿੱਚ ਲੱਗ ਜਾਣੇ ਚਾਹੀਦੇ ਹਨ। ਦੂਸਰੇ ਪਾਸੇ ਨਾਸ਼ਪਤੀ ਅਤੇ ਅੰਗੂਰ ਦੇ ਨਵੇਂ ਫਲਦਾਰ ਪੌਦਿਆਂ ਦੇ ਬਾਗ ਅੱਧ ਫ਼ਰਵਰੀ



ਤੱਕ ਸਥਾਪਿਤ ਕੀਤੇ ਜਾਂਦੇ ਹਨ। ਸਥਿਤ ਅਵਸਥਾ ਦੇ ਬੇਰ ਨੂੰ ਵੀ ਮੱਧ ਫ਼ਰਵਰੀ ਤੱਕ ਲਗਾਇਆ ਜਾ ਸਕਦਾ ਹੈ।

ਨਵੇਂ ਲੱਗੇ ਫਲਦਾਰ ਪੌਦੇ ਨਰਮ ਹੋਣ ਕਾਰਨ ਵਿਸ਼ੇਸ਼ ਸਾਂਭ-ਸੰਭਾਲ ਮੰਗਦੇ ਹਨ। ਗਰਮ-ਸਰਦ ਦੀ ਰੁੱਤ ਦੇ ਚੱਕਰਵਿਉ ਮੁਤਾਬਿਕ 5-7 ਦਿਨ ਅਤੇ ਜੁਲਾਈ-ਅਗਸਤ ਦੌਰਾਨ 15 ਦਿਨਾਂ ਦੇ ਵਕਫੇ ਤੇ ਪਾਣੀ ਲਾਉਣਾ ਚਾਹੀਦਾ ਹੈ। ਪ੍ਰੰਤੂ ਜਨਵਰੀ ਮਹੀਨੇ ਦੌਰਾਨ ਪੌਦਿਆਂ ਨੂੰ ਪਾਣੀ ਲਗਾਉਣ ਤੋਂ ਪਰਹੇਜ ਕਰਨਾ ਚਾਹੀਦਾ ਹੈ। ਲਵਾਈ ਤੋਂ ਉਪਰੰਤ ਪੌਦਿਆਂ ਦੇ ਆਲੇ-ਦੁਆਲੇ ਗੋਲਦਾਰ ਦੌਰ ਬਣਾਏ ਜਾਂਦੇ ਹਨ, ਜਿੰਨਾਂ ਨੂੰ ਸਿੰਚਾਈ ਖਾਲ ਨਾਲ ਜੋੜਿਆ ਜਾਂਦਾ ਹੈ, ਤਾਂ ਜੋ ਪਾਣੀ ਦੀ ਸੁਚੱਜੀ ਵਰਤੋਂ ਕੀਤੀ ਜਾ ਸਕੇ ਅਤੇ ਲੋੜੀਂਦੀ ਨਮੀਂ ਬਰਕਰਾਰ ਰੱਖੀ ਜਾ ਸਕੇ। ਪੌਦਿਆਂ ਨੂੰ 3-4 ਸੈਂਟੀਮੀਟਰ ਮੋਟੇ ਅਤੇ 1 ਤੋਂ 1.5 ਮੀਟਰ ਲੰਬੇ ਬਾਂਸ ਦੇ ਸਿੱਧੇ ਡੰਡੇ ਨਾਲ ਸਹਾਰਾ ਦੇਣ ਦੀ ਲੋੜ ਹੁੰਦੀ ਹੈ, ਤਾਂ ਜੋ ਬੂਟੇ ਸਿੱਧੇ ਰਹਿਣ ਅਤੇ ਸਹੀ ਢਾਂਚਾ ਤਿਆਰ ਕਰਨ ਦੇ ਨਾਲ-ਨਾਲ ਤੇਜ਼ ਹਵਾਵਾਂ ਦੇ ਨੁਕਸਾਨ ਪਾਸੋਂ ਵੀ ਬਚੇ ਰਹਿਣ।

ਸਦਾਬਹਾਰ ਨਦੀਨ, ਜਿਵੇਂ ਕਿ ਬਰੂ ਘਾਹ, ਤਿੜਾਂ ਵਾਲਾ ਘਾਹ, ਡੀਲਾ, ਮੇਥਾ ਅਤੇ ਕਾਂਗਰਸ ਘਾਹ ਆਦਿ ਪੌਦਿਆਂ ਵਿੱਚ ਲੋੜੀਂਦੇ ਤੱਤਾਂ ਦੀ ਘਾਟ ਦੇ ਨਾਲ-ਨਾਲ ਬੂਟੇ ਦਾ ਵਾਧਾ ਵੀ ਰੋਕਦੇ ਹਨ। ਨਦੀਨਾਂ ਨੂੰ ਮਨੁੱਖੀ ਢੰਗ ਨਾਲ ਜਿਵੇਂ ਕਿ ਗੋਡੀ ਕਰਕੇ ਜਾਂ ਜ਼ਮੀਨ ਨੂੰ ਹਲ ਅਤੇ ਰੋਟਾਵੇਟਰ ਦੀ ਮੱਦਦ ਨਾਲ ਵਾਹ ਕੇ ਰੋਕਿਆ ਜਾ ਸਕਦਾ ਹੈ। ਅਸੀਂ ਰਸਾਇਣਕ ਢੰਗ ਨਾਲ ਵੀ ਨਦੀਨਾਂ ਦੀ ਰੋਕਥਾਮ ਕਰ ਸਕਦੇ ਹਾਂ, ਜੋ ਕਿ ਹੁਣ ਦੇ ਯੁੱਗ ਵਿੱਚ ਘੱਟ ਸਮੇਂ ਵਜੋਂ ਬਾਗਬਾਨੀ ਵਿੱਚ ਵਰਤਿਆ ਜਾਣ ਵਾਲਾ ਆਰਥਿਕ ਤਰੀਕਾ ਹੈ। ਪੱਤਝੜੀ ਫਲਦਾਰ ਬਾਗਾਂ ਵਿੱਚ ਨਦੀਨ ਉਪਜਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਗਣ ਤੋਂ ਪਹਿਲਾਂ (ਮਾਰਚ ਦੇ ਪਹਿਲੇ ਪੰਦਰਵਾੜੇ) ਹੈਕਸੁਰੋਨ @ 1 ਕਿਲੋਗ੍ਰਾਮ ਪ੍ਰਤੀ ਕਿਲੇ ਅਨੁਸਾਰ ਸਪਰੇਅ ਕਰਕੇ ਜਾਂ ਉਗਣ ਤੋਂ ਬਾਅਦ (ਮਾਰਚ ਦੇ ਦੂਜੇ ਪੰਦਰਵਾੜੇ) ਗਲਾਈਸਲ @ 600 ਮੀ.ਲੀ. ਪ੍ਰਤੀ ਕਿਲੇ ਅਨੁਸਾਰ ਛਿੜਕਾਅ ਕਰਕੇ ਨਦੀਨਾਂ ਦੀ ਸੁਚੱਜੀ ਰੋਕਥਾਮ ਕੀਤੀ ਜਾ ਸਕਦੀ ਹੈ।

ਨਵੇਂ ਪੁੰਗਾਰੇ ਦੌਰਾਨ ਪਿਉਂਦ ਵਾਲੇ ਹਿੱਸੇ ਤੋਂ ਹੇਠਾਂ, ਜੱੜ੍ਹ-ਗੰਡ ਕੋਲ ਪੁੰਗਰ ਰਹੇ ਅੰਕੁਰਾਂ ਨੂੰ ਸਮੇਂ ਸਿਰ ਕੱਟਿਆ ਜਾਣਾ ਚਾਹੀਦਾ ਹੈ, ਕਿਉਂਕਿ ਉਹ ਅੱਗੇ ਜਾ ਕੇ ਪੌਦੇ ਦੀ ਜੜ-ਗੰਡ ਬਣਤਰ ਵਿੱਚ ਦੇਰੀ ਕਰਦੇ ਹਨ ਅਤੇ ਪੌਦੇ ਦਾ ਵਾਧਾ ਵੀ ਰੋਕਦੇ ਹਨ। ਮਾਰਚ ਮਹੀਨੇ ਦੇ ਅਖੀਰ ਵਿੱਚ ਪੌਦੇ ਦੇ ਤਣੇ ਤੇ ਚੂਨੇ ਦਾ ਗਾੜ੍ਹਾ ਘੋਲ ਫੇਰ ਦਿਉ ਤਾਂ ਜੋ ਬੂਟੇ ਤਿੱਖੀ ਧੁੱਪ ਪਾਸੋਂ ਬਚੇ ਰਹਿਣ। ਇਹ ਸਫੇਦੀ ਤਿਆਰ ਕਰਨ ਲਈ 25 ਕਿਲੋ ਚੂਨਾ, 500 ਗ੍ਰਾਮ ਨੀਲਾ ਥੋਥਾ ਅਤੇ 100 ਲੀਟਰ ਪਾਣੀ ਦੀ ਲੋੜ ਹੁੰਦੀ ਹੈ।

ਪੌਦੇ ਦੀ ਉਮਰ, ਕੱਦ ਅਤੇ ਅਕਾਰ ਅਨੁਸਾਰ ਢੁੱਕਵੇਂ ਖੁਰਾਕੀ ਤੱਤਾਂ ਦੀ ਪੂਰਤੀ ਸ਼ੁਰੂਆਤੀ ਪੜਾਅ ’ਤੇ ਇੱਕ ਲਾਭਕਾਰੀ ਕਾਰਜ ਹੈ। 1 ਤੋਂ 3 ਸਾਲ ਦੀ ਉਮਰ ਵਾਲੇ ਪੌਦਿਆਂ ਨੂੰ 10 ਤੋਂ 20 ਕਿਲੋ ਗਲੀ-ਸੜੀ ਰੂੜੀ, 200 ਤੋਂ 600 ਗ੍ਰਾਮ ਸੁਪਰਫਾਸਫੇਟ ਅਤੇ 150 ਤੋਂ 450 ਗ੍ਰਾਮ ਯੂਰੀਆ ਪ੍ਰਤੀ ਬੂਟੇ ਦੇ ਹਿਸਾਬ ਨਾਲ ਫ਼ਰਵਰੀ ਮਹੀਨੇ ਵਿੱਚ ਪਾਉਣੀ ਲਾਭਦਾਇਕ ਰਹਿੰਦੀ ਹੈ।

ਕੱਲਰਾਠੀਆਂ ਅਤੇ ਹੌਲੀਆਂ ਜ਼ਮੀਨਾਂ ਵਿੱਚ ਜਿੰਕ ਅਤੇ ਲੋਹੇ ਦੀ ਘਾਟ ਆਮ ਤੌਰ ਤੇ ਵੇਖਣ ਵਿੱਚ ਆਉਂਦੀ ਹੈ। ਜੇਕਰ ਨਵੇਂ ਪੱਤਿਆਂ ਵਿੱਚ ਮੋਟੀਆਂ ਨਾੜਾਂ ਦੇ ਵਿਚਕਾਰਲਾ ਹਿੱਸਾ ਪੀਲਾ ਹੋ ਜਾਵੇ ਅਤੇ ਆਕਾਰ ਛੋਟਾ ਹੋਣ ਦੇ ਨਾਲ-ਨਾਲ ਕਿਨਾਰਿਆਂ ਤੋਂ ਪੱਤੇ ਉਪਰ ਵੱਲ ਨੂੰ ਮੁੜ ਜਾਣ ਤਾਂ 3 ਕਿਲੋ ਜਿੰਕ ਸਲਫੇਟ ਨਾਲ 1.5 ਕਿਲੋ ਅਣਬੁਝਿਆ ਚੂਨਾ 500 ਲੀਟਰ ਪਾਣੀ ਵਿੱਚ ਘੋਲ ਬਣਾ ਕੇ ਛਿੜਕਾਅ ਕੀਤਾ ਜਾਵੇ। ਲੋਹੇ ਦੀ ਘਾਟ ਟੀਸੀ ਦੇ ਪੱਤਿਆਂ ਉੱਤੇ ਆਉਂਦੀ ਹੈ। ਇਸ ਨਾਲ ਪੱਤਿਆਂ ਦੀਆਂ ਸਾਰੀਆਂ ਨਾੜਾਂ ਗੂੜ੍ਹੇ ਰੰਗ ਦੀਆਂ ਦਿਖਾਈ ਦਿੰਦੀਆਂ ਹਨ। ਲੋਹੇ ਦੀ ਘਾਟ ਨੂੰ ਦੂਰ ਕਰਨ ਲਈ 0.3% ਫੈਰਸ ਸਲਫੇਟ (300 ਗ੍ਰਾਮ) ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਕਿਲੇ ਦੇ ਹਿਸਾਬ ਨਾਲ ਛਿੜਕਾਅ ਕਰੋ।

ਬਾਗਬਾਨਾਂ ਵਲੋਂ ਸਟੀਕ ਖੇਤੀ ਕਾਰਜ ਪ੍ਰਣਾਲੀ ਅਨੁਸਾਰ ਹੀ ਫਲਦਾਰ ਪੌਦਿਆਂ ਦੇ ਮਿਆਰੀ ਵਿਕਾਸ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ।

# ਪੰਜਾਬ ਵਿੱਚ ਮੈਂਥਾ ਦੀ ਸਫਲ ਕਾਸ਼ਤ ਲਈ ਉੱਨਤ ਤਕਨੀਕਾਂ

**ਰਜਿੰਦਰ ਕੁਮਾਰ ਅਤੇ ਵਜਿੰਦਰ ਪਾਲ ਕਾਲੜਾ,**
ਸਕੂਲ ਆਫ ਔਰਗੈਨਿਕ ਫਾਰਮਿੰਗ, ਪੀ. ਏ. ਯੂ., ਲੁਧਿਆਣਾ (ਮੋ. 94173-45565)

ਮੈਂਥਾ ਇੱਕ ਮਹੱਤਵਪੂਰਨ ਫ਼ਸਲ ਹੈ, ਜੋ ਭਾਰਤ ਦੇ ਉੱਤਰੀ ਹਿੱਸਿਆਂ ਵਿੱਚ ਉਗਾਈ ਜਾਂਦੀ ਹੈ। ਇਸ ਦੇ ਪੱਤਿਆਂ ਤੋਂ ਇੱਕ ਖੁਸ਼ਬੂਦਾਰ ਤੇਲ ਮਿਲਦਾ ਹੈ। ਜਾਪਾਨੀ ਪੁਦੀਨਾ (ਮੈਂਥਾ ਆਰਵੇਨਸਿਸ) ਅਤੇ ਪੇਪਰਮਿੰਟ (ਮੈਂਥਾ ਪਾਈਪ੍ਰੀਟਾ) ਪੰਜਾਬ ਵਿੱਚ ਉਗਾਈਆਂ ਜਾਂਦੀਆਂ ਹਨ। ਮੈਂਥੋਲ ਮਿੰਟ ਦੀਆਂ ਕਿਸਮਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

**ਸਿਮ-ਉੱਨਤੀ** : ਇਹ ਮੈਂਥੋਲ ਮਿੰਟ (ਮੈਂਥਾ ਆਰਵੈਨਸਿਜ਼) ਦੀ ਇੱਕ ਵਧੇਰੇ ਤੇਲ (0.81-0.83%) ਅਤੇ ਝਾੜ ਦੇਣ ਵਾਲੀ ਕਿਸਮ ਹੈ ਜੋ ਅਖੀਰ ਜਨਵਰੀ ਤੋਂ ਅੱਧ ਫ਼ਰਵਰੀ ਤੱਕ ਬਿਜਾਈ ਲਈ ਢੁੱਕਵੀਂ ਹੈ। ਇਸ ਦਾ ਔਸਤ ਝਾੜ 113 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਬੀਜਣ ਤੋਂ 145 ਦਿਨਾਂ ਬਾਅਦ ਕਟਾਈ ਕਰਨ ’ਤੇ ਵੱਧ ਝਾੜ ਅਤੇ ਤੇਲ ਪੈਦਾ ਕਰਦੀ ਹੈ।

**ਸਿਮ-ਕ੍ਰਾਂਤੀ** : ਇਹ ਵੀ ਮੈਂਥੋਲ ਮਿੰਟ ਦੀ ਵੱਧ ਝਾੜ ਦੇਣ ਵਾਲੀ ਕਿਸਮ ਹੈ ਜੋ ਜਨਵਰੀ ਦੇ ਅੰਤ ਤੋਂ ਫ਼ਰਵਰੀ ਦੇ ਅੱਧ ਤੱਕ ਬੀਜਣ ਲਈ ਢੁੱਕਵੀਂ ਹੈ। ਇਸ ਵਿੱਚ 0.6-0.7% ਤੱਕ ਤੇਲ ਹੁੰਦਾ ਹੈ। ਇਸਦਾ ਔਸਤਨ ਝਾੜ 110 ਕੁਇੰਟਲ ਪ੍ਰਤੀ ਏਕੜ ਹੈ ਅਤੇ ਇਹ ਬਿਜਾਈ ਤੋਂ 140-150 ਦਿਨਾਂ ਬਾਅਦ ਵਾਢੀ ਲਈ ਤਿਆਰ ਹੋ ਜਾਂਦੀ ਹੈ।

**ਕੋਸੀ** : ਇਹ ਮੈਂਥੋਲ ਮਿੰਟ ਦੀ ਇੱਕ ਹੋਰ ਚੰਗਾ ਝਾੜ ਦੇਣ ਵਾਲੀ ਕਿਸਮ ਵੀ ਹੈ ਜੋ 0.6-0.7% ਦੇ ਤੇਲ ਦੇ ਨਾਲ-ਨਾਲ 100-125 ਕੁਇੰਟਲ ਪ੍ਰਤੀ ਏਕੜ ਦਾ ਝਾੜ ਦਿੰਦੀ ਹੈ।

**ਮਿੱਟੀ ਦੀ ਕਿਸਮ** : ਉੱਚ ਜੈਵਿਕ ਮਾਦੇ ਵਾਲੀ ਅਤੇ ਚੰਗੀ ਤਰ੍ਹਾਂ ਨਿਕਾਸ ਵਾਲੀ ਮਿੱਟੀ ਮੈਂਥਾ ਦੀ ਕਾਸ਼ਤ ਲਈ ਬਹੁਤ ਢੁੱਕਵੀਂ ਹੈ। ਚੰਗਾ ਝਾੜ ਪ੍ਰਾਪਤ ਕਰਨ ਲਈ ਖੇਤ ਨੂੰ ਪਰਾਲੀ ਅਤੇ ਨਦੀਨਾਂ ਤੋਂ ਮੁਕਤ ਹੋਣਾ ਚਾਹੀਦਾ ਹੈ।

**ਬਿਜਾਈ ਦਾ ਸਮਾਂ** : ਮੈਂਥੇ ਦੀ ਬਿਜਾਈ ਅੱਧ ਜਨਵਰੀ ਤੋਂ ਅਖੀਰ ਜਨਵਰੀ ਤੱਕ ਕੀਤੀ ਜਾ ਸਕਦੀ ਹੈ ਅਤੇ ਪ੍ਰੰਤੂ ਕੋਸੀ, ਸਿਮ-ਕ੍ਰਾਂਤੀ ਅਤੇ ਸਿਮ-ਉੱਨਤ ਕਿਸਮ ਨੂੰ ਫ਼ਰਵਰੀ ਤੱਕ ਵੀ ਬੀਜਿਆ ਜਾ ਸਕਦਾ ਹੈ। ਪਿਛੇਤੀ ਹਾਲਤਾਂ ਵਿੱਚ, ਜੇਕਰ ਚੰਗੀਆਂ ਸਿੰਚਾਈ ਸਹੂਲਤਾਂ ਉਪਲੱਬਧ ਹੋਣ, ਤਾਂ ਇਸ ਦੀ ਪਨੀਰੀ ਰਾਹੀਂ ਬਿਜਾਈ ਅਪ੍ਰੈਲ ਵਿੱਚ ਵੀ ਕੀਤੀ ਜਾ ਸਕਦੀ ਹੈ।



**ਬਿਜਾਈ ਦਾ ਤਰੀਕਾ** : ਬਿਜਾਈ ਲਾਈਨਾਂ ਵਿੱਚ ਡੇਢ ਫੁੱਟ (45 ਸੈਂਟੀਮੀਟਰ) ਦੀ ਵਿੱਥ ਤੇ ਕਰਨੀ ਚਾਹੀਦੀ ਹੈ। ਮੈਂਥੇ ਦੀਆਂ ਜੜ੍ਹਾਂ ਦੇ ਸਿਰਿਆਂ ਨੂੰ ਇੱਕ ਦੂਸਰੇ ਨਾਲ ਜੋੜ ਕੇ 4-5 ਸੈਂਟੀਮੀਟਰ ਡੂੰਘਾ ਬੀਜਣਾ ਚਾਹੀਦਾ ਹੈ। ਇਸ ਢੰਗ ਦੇ ਬਦਲ ਵਿੱਚ ਵਧੇਰੇ ਝਾੜ ਅਤੇ ਪਾਣੀ ਦੀ ਸੁਚੱਜੀ ਵਰਤੋਂ ਲਈ ਮੈਂਥੇ ਕੀ ਕਾਸ਼ਤ 67.5 ਸੈਂਟੀਮੀਟਰ ਚੌੜੇ ਬੈੱਡਾਂ ਤੇ 2 ਕਤਾਰਾਂ ਲਗਾ ਕੇ ਵੀ ਕੀਤੀ ਜਾ ਸਕਦੀ ਹੈ।

**ਅੰਤਰ ਫ਼ਸਲ** : ਜੇਕਰ ਮੈਂਥੇ ਅਤੇ ਪਿਆਜ਼ ਨੂੰ ਅੰਤਰ ਫ਼ਸਲ ਵਜੋਂ ਬੀਜਣਾ ਹੋਵੇ ਤਾਂ ਇਸ ਦੀ ਬਿਜਾਈ ਅੱਧ ਜਨਵਰੀ ਤੋਂ ਅਖ਼ੀਰ ਜਨਵਰੀ ਤੱਕ ਕੀਤੀ ਜਾ ਸਕਦੀ ਹੈ। ਡੇਢ ਫੁੱਟ (45 ਸੈਂਟੀਮੀਟਰ) ਦੀ ਵਿੱਥ ਤੇ ਮੈਂਥੇ ਦੀਆਂ ਦੋ ਕਤਾਰਾਂ ਵਿਚਕਾਰ ਇੱਕ ਲਾਈਨ ਪਿਆਜ਼ ਦੀ ਬਿਜਾਈ ਕੀਤੀ ਜਾ ਸਕਦੀ ਹੈ। ਪਿਆਜ਼ਾਂ ਵਿੱਚ ਬੂਟੇ ਤੋਂ ਬੂਟੇ ਦਾ ਫਾਸਲਾ 3 ਇੰਚ (7.5 ਸੈਂਟੀਮੀਟਰ) ਰੱਖਣਾ ਚਾਹੀਦਾ ਹੈ। ਕਮਾਦ ਵਿੱਚ ਮੈਂਥੇ ਦੀ ਬਿਜਾਈ ਲਈ ਫ਼ਰਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਕਮਾਦ ਦੀਆਂ ਦੋ ਕਤਾਰਾਂ ਵਿੱਚ ਮੈਂਥੇ ਦੀ ਇੱਕ ਕਤਾਰ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜਿਸ ਲਈ 1 ਕੁਇੰਟਲ ਮੈਂਥੇ ਦੀਆਂ ਜੜ੍ਹਾਂ ਦੀ ਜ਼ਰੂਰਤ ਪੈਂਦੀ ਹੈ। ਕਮਾਦ ਵਿੱਚ ਬੀਜੇ ਮੈਂਥੇ ਦੀ ਕੇਵਲ ਇੱਕ ਹੀ ਕਟਾਈ ਕਰਨੀ ਚਾਹੀਦੀ ਹੈ। ਜੇਕਰ ਮੈਂਥੇ ਨੂੰ ਸੂਰਜਮੁੱਖੀ ਵਿੱਚ ਬੀਜਣਾ ਹੋਵੇ ਤਾਂ ਅਖ਼ੀਰ ਜਨਵਰੀ ਵਿੱਚ ਇਸ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜਿਸ ਲਈ ਮੈਂਥੇ ਦੀਆਂ 150 ਕਿਲੋ ਜੜ੍ਹਾਂ ਪ੍ਰਤੀ ਏਕੜ ਦੀ ਜ਼ਰੂਰਤ ਪੈਂਦੀ ਹੈ। ਸੂਰਜਮੁੱਖੀ ਦੀ ਉੱਤਰ ਦੱਖਣ ਦੀ ਦਿਸ਼ਾ ਵੱਲ ਲਾਈਨਾਂ ਵਿੱਚ 4 ਫੁੱਟ (120 ਸੈਂਟੀਮੀਟਰ) ਦੀ ਵਿੱਥ ਤੇ ਬਿਜਾਈ ਕਰਨੀ ਚਾਹੀਦੀ ਹੈ ਅਤੇ ਬੂਟੇ ਦਾ ਫਾਸਲਾ ਅੱਧਾ ਫੁੱਟ (15 ਸੈਂਟੀਮੀਟਰ) ਰੱਖਣਾ ਚਾਹੀਦਾ ਹੈ। ਸੂਰਜਮੁਖੀ ਦੀਆਂ ਦੋ ਲਾਈਨਾਂ ਵਿਚਕਾਰ ਮੈਂਥੇ ਦੀਆਂ ਦੋ ਲਾਈਨਾਂ ਦੀ ਬਿਜਾਈ ਕਰਨੀ ਚਾਹੀਦੀ ਹੈ।

**ਖਾਦ ਪ੍ਰਬੰਧ** : ਮੈਂਥਾ ਜੈਵਿਕ ਖਾਦਾਂ ਨੂੰ ਬਹੁਤ ਮੰਨਦਾ ਹੈ, ਇਸ ਲਈ ਜ਼ਮੀਨ ਦੀ ਤਿਆਰੀ ਦੌਰਾਨ 10-15 ਟਨ ਚੰਗੀ ਤਰ੍ਹਾਂ ਸੜੀ ਹੋਈ ਖਾਦ/ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ। ਖਾਦ ਤੋਂ ਇਲਾਵਾ 60 ਕਿਲੋ ਨਾਈਟ੍ਰੋਜਨ ਅਤੇ 16 ਕਿਲੋ ਫਾਸਫੋਰਸ/ਏਕੜ ਵੀ ਪਾਉਣੀ ਚਾਹੀਦੀ ਹੈ ਜੋ ਕ੍ਰਮਵਾਰ 130 ਕਿਲੋ ਯੂਰੀਆ ਅਤੇ 100 ਕਿਲੋ ਐਸ.ਐਸ.ਪੀ. ਦੀ ਵਰਤੋਂ ਨਾਲ ਪੂਰੀ ਕੀਤੀ ਜਾ ਸਕਦੀ ਹੈ। ਬਿਜਾਈ ਸਮੇਂ ਇੱਕ ਚੌਥਾਈ ਨਾਈਟ੍ਰੋਜਨ ਅਤੇ ਫਾਸਫੋਰਸ ਦੀ ਪੂਰੀ ਮਾਤਰਾ ਬਿਜਾਈ ਸਮੇਂ ਪਾਉਣੀ ਚਾਹੀਦੀ ਹੈ। ਬਿਜਾਈ ਤੋਂ 40 ਦਿਨਾਂ ਬਾਅਦ ਨਾਈਟ੍ਰੋਜਨ ਦਾ ਚੌਥਾ ਹਿੱਸਾ ਹੋਰ ਪਾਓ। ਫ਼ਸਲ ਦੀ ਪਹਿਲੀ ਕਟਾਈ ਤੋਂ ਬਾਅਦ ਨਾਈਟ੍ਰੋਜਨ ਦੀ ਬਾਕੀ ਅੱਧੀ ਖ਼ੁਰਾਕ ਨੂੰ ਪਹਿਲੀ ਕਟਾਈ ਵਾਂਗ ਦੋ ਬਰਾਬਰ ਹਿੱਸਿਆਂ ਵਿੱਚ ਪਾਓ।

**ਨਦੀਨ ਪ੍ਰਬੰਧ** : ਸ਼ੁਰੂਆਤੀ ਦਿਨਾਂ ਵਿੱਚ, ਨਦੀਨਾਂ ਨੂੰ ਨਿਯੰਤਰਿਤ ਕਰਨ ਲਈ ਪਹੀਏ ਵਾਲੀ ਫਾਲੀ ਨਾਲ ਗੋਡੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੀਜਣ ਤੋਂ ਤੁਰੰਤ ਬਾਅਦ ਝੋਨੇ ਦੀ ਪਰਾਲੀ ਨੂੰ 24 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣਾ ਵੀ ਨਦੀਨਾਂ ਦੇ ਹਮਲੇ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

**ਪਾਣੀ ਦਾ ਪ੍ਰਬੰਧ** : ਮੈਂਥਾ ਨੂੰ ਹਲਕੀ ਸਿੰਚਾਈ ਦੀ ਲੋੜ ਹੁੰਦੀ ਹੈ। ਮਾਰਚ ਦੇ ਅੰਤ ਤੱਕ 10 ਦਿਨਾਂ ਦੇ ਵਕਫੇ ’ਤੇ ਅਤੇ ਮੌਨਸੂਨ ਦੇ ਸ਼ੁਰੂ ਹੋਣ ਤੱਕ ਪੰਜ ਜਾਂ ਛੇ ਦਿਨਾਂ ਦੇ ਅੰਤਰਾਲ ’ਤੇ ਸਿੰਚਾਈ ਕਰੋ।

**ਫ਼ਸਲ ਦੀ ਵਾਢੀ** : ਫ਼ਸਲ ਨੂੰ ਫੁੱਲਾਂ ਦੀ ਸ਼ੁਰੂਆਤ ’ਤੇ ਕਟਾਈ ਕਰਨੀ ਚਾਹੀਦੀ ਹੈ। ਜੇਕਰ ਪੌਦਿਆਂ ਦੇ ਹੇਠਲੇ ਪੱਤੇ ਪੀਲੇ ਪੈ ਜਾਣ ਅਤੇ ਝੜਨਾ ਸ਼ੁਰੂ ਹੋ ਜਾਵੇ, ਤਾਂ ਵਾਢੀ ਪਹਿਲਾਂ ਕੀਤੀ ਜਾ ਸਕਦੀ ਹੈ। ਅਗਲਾ ਫੁਟਾਰਾ ਚੰਗਾ ਲੈਣ ਲਈ ਫ਼ਸਲ ਦੀ ਕਟਾਈ 6-8 ਸੈਂਟੀਮੀਟਰ ਉੱਚੀ ਕਰਨੀ ਚਾਹੀਦੀ ਹੈ। ਮੈਂਥੇ ਦੀ ਫ਼ਸਲ ਦੀਆਂ ਦੋ ਕਟਾਈਆਂ ਵੀ ਲਈਆਂ ਜਾ ਸਕਦੀਆਂ ਹਨ। ਪਹਿਲੀ ਕਟਾਈ ਜੂਨ ਅਤੇ ਦੂਸਰੀ ਕਟਾਈ ਸਤੰਬਰ ਮਹੀਨੇ ਵਿੱਚ ਕੀਤੀ ਜਾ ਸਕਦੀ ਹੈ।

**ਮੈਂਥੇ ਵਿੱਚੋਂ ਤੇਲ ਕੱਢਣਾ** : ਫ਼ਸਲ ਦੀ ਕਟਾਈ ਉਪਰੰਤ ਪਾਣੀ ਦੀ ਮਾਤਰਾ ਘੱਟ ਕਰਨ ਲਈ ਫ਼ਸਲ ਨੂੰ 1-2 ਦਿਨ ਰੱਖ ਕੇ ਕੁਮਲਾਉਣ ਦੇਣਾ ਚਾਹੀਦਾ ਹੈ। ਮੈਂਥੇ ਵਿੱਚੋਂ ਭਾਫ ਵਾਲੇ ਢੰਗ ਨਾਲ ਕਸ਼ੀਦ ਕਰਕੇ ਤੇਲ ਕੱਢਿਆ ਜਾ ਸਕਦਾ ਹੈ। ਕਿਸਾਨ ਵੀਰਾਂ ਨੂੰ ਮੈਂਥੇ ਦੀ ਕਾਸ਼ਤ ਤੋਂ ਪਹਿਲਾਂ ਇਹ ਦੇਖ ਲੈਣਾ ਚਾਹੀਦਾ ਹੈ ਕਿ ਨੇੜੇ-ਤੇੜੇ ਤੇਲ ਕੱਢਣ ਵਾਲਾ ਪਲਾਂਟ ਜ਼ਰੂਰ ਲੱਗਿਆ ਹੋਵੇ ਜਿੱਥੇ ਤੇਲ ਕੱਢਿਆ ਜਾ ਸਕੇ।

# ਬਸੰਤ ਰੁੱਤ ਕਮਾਦ ਤੋਂ ਵੱਧ ਮੁਨਾਫੇ ਲਈ ਉਤਪਾਦਨ ਤਕਨੀਕਾਂ

ਜਸ਼ਨਜੋਤ ਕੌਰ, ਰਾਜਿੰਦਰ ਕੁਮਾਰ ਅਤੇ ਰਾਜਿੰਦਰ ਪਾਲ,
ਖੇਤਰੀ ਖੋਜ ਕੇਂਦਰ, ਕਪੂਰਥਲਾ (ਮੋ. 70093-26307)

ਪੰਜਾਬ ਵਿੱਚ ਕਮਾਦ ਦੀ ਕਾਸ਼ਤ ਪੱਤਝੜ ਅਤੇ ਬਸੰਤ ਰੁੱਤ ਦੌਰਾਨ ਕੀਤੀ ਜਾਂਦੀ ਹੈ । ਬਸੰਤ ਰੁੱਤੀ ਫ਼ਸਲ ਦੀ ਕਾਸ਼ਤ 1.25 ਲੱਖ ਹੈਕਟੇਅਰ ਰਕਬੇ ਉੱਪਰ ਕੀਤੀ ਜਾਂਦੀ ਹੈ ।

**ਅਗੇਤੀਆਂ ਪੱਕਣ ਵਾਲੀਆਂ ਕਿਸਮਾਂ** : ਸੀ ਓ ਪੀ ਬੀ 95, ਸੀ ਓ ਪੀ ਬੀ 96, ਸੀ ਓ 15023, ਸੀ ਓ ਪੀ ਬੀ 92, ਸੀ ਓ 118, ਸੀ ਓ ਜੇ 85 ਅਤੇ ਸੀ ਓ ਜੇ 64.

**ਦਰਮਿਆਨੀ-ਪਿਛੇਤੀ ਪੱਕਣ ਵਾਲੀਆਂ ਕਿਸਮਾਂ** : ਸੀ ਓ ਪੀ ਬੀ 98, ਸੀ ਓ ਪੀ ਬੀ 93, ਸੀ ਓ ਪੀ ਬੀ 94, ਸੀ ਓ ਪੀ ਬੀ 91, ਸੀ ਓ 238 ਅਤੇ ਸੀ ਓ ਜੇ 88.

**ਬੀਜ ਦੀ ਚੋਣ, ਬੀਜ ਦੀ ਮਾਤਰਾ ਅਤੇ ਬੀਜ ਸੋਧ** : ਇੱਕ ਏਕੜ ਕਮਾਦ ਬੀਜਣ ਲਈ ਤਿੰਨ ਅੱਖਾਂ ਵਾਲੇ 20 ਹਜ਼ਾਰ ਬਰੋਟੇ ਜਾਂ ਚਾਰ ਅੱਖਾਂ ਵਾਲੇ15 ਹਜ਼ਾਰ ਬਰੋਟੇ ਜਾਂ 5 ਅੱਖਾਂ ਵਾਲੇ 12 ਹਜ਼ਾਰ ਬਰੋਟੇ ਕਾਫ਼ੀ ਹਨ । ਬਰਾਨੀ ਖੇਤ ਲਈ ਲੰਮੇ ਬਰੋਟਿਆਂ ਨੂੰ ਤਰਜੀਹ ਦਿਉ । ਇੱਕ ਏਕੜ ਦੀ ਬਿਜਾਈ ਲਈ ਕਮਾਦ ਦੀ ਕਿਸਮ ਅਨੁਸਾਰ 30 ਤੋਂ 35 ਕੁਇੰਟਲ ਬੀਜ ਦੀ ਜ਼ਰੂਰਤ ਹੁੰਦੀ ਹੈ । ਕਮਾਦ ਦੀ ਸੀ ਓ ਪੀ ਬੀ 95, ਸੀ ਓ 118 ਅਤੇ ਸੀ ਓ ਜੇ 85 ਕਿਸਮ ਵਿੱਚ ਤੋਲ ਅਨੁਸਾਰ 10% ਬੀਜ ਵੱਧ ਵਰਤੋਂ । ਚੰਗੇ



ਜੰਮ ਲਈ ਬਰੋਟਿਆਂ ਨੂੰ ਈਥਰਲ ਦੇ ਘੋਲ ਵਿੱਚ ਪੂਰੀ ਰਾਤ ਡੋਬਣ ਉਪਰੰਤ ਬਿਜਾਈ ਕਰੋ । ਇਹ ਘੋਲ ਬਨਾਉਣ ਲਈ 25 ਮਿਲੀਲਿਟਰ ਈਥਰਲ 39 ਐਸ ਐਲ ਨੂੰ 100 ਲਿਟਰ ਪਾਣੀ ਵਿੱਚ ਘੋਲੋ ਜਾਂ ਬਰੋਟਿਆਂ ਨੂੰ ਬੀਜਣ ਤੋਂ ਪਹਿਲਾਂ 24 ਘੰਟੇ ਪਾਣੀ ਵਿੱਚ ਡੋਬ ਲਵੋ ।

**ਬਿਜਾਈ ਦਾ ਸਮਾਂ** : ਅਗੇਤੀਆਂ ਕਿਸਮਾਂ ਦੀ ਬਿਜਾਈ ਮਾਰਚ ਤੋਂ ਬਾਅਦ ਨਾਂ ਕਰੋ, ਕਿਉਂਕਿ ਮਾਰਚ ਵਿੱਚ ਤਾਪਮਾਨ ਵੱਧਣਾ ਸ਼ੁਰੂ ਹੋ ਜਾਂਦਾ ਹੈ, ਜੋ ਕਿ ਕਮਾਦ ਅੱਖ ਦੇ ਫੁਟਾਰੇ ਨੂੰ ਪ੍ਰਭਾਵਿਤ ਕਰਦਾ ਹੈ । ਪਿਛੇਤੀ ਬਿਜਾਈ ਲਈ ਕੋਈ ਵੀ ਦਰਮਿਆਨੀ-ਪਛੇਤੀ ਕਿਸਮ ਹੀ ਬੀਜੋ । ਬੀਜ ਦੀ ਮਾਤਰਾ ਜ਼ਿਆਦਾ ਵਰਤੋਂ, ਇੱਕ ਏਕੜ ਲਈ ਤਿੰਨ ਅੱਖਾਂ ਵਾਲੇ 30 ਹਜ਼ਾਰ ਬਰੋਟੇ ਵਰਤੋਂ ।

**ਡੂੰਘੀ ਵਹਾਈ (ਸਬ-ਸਾਇਲਿੰਗ)** : ਵਾਰ-ਵਾਰ ਭਾਰੀ ਮਸ਼ੀਨਰੀ ਦੇ ਖੇਤ ਵਿੱਚ ਘੰਮਣ ਨਾਲ ਜ਼ਮੀਨ ਹੇਠ ਸਖਤ ਤਹਿ ਬਣ ਜਾਂਦੀ ਹੈ ਜੋ ਕਿ ਫ਼ਸਲ ਅਤੇ ਜੜ੍ਹ ਦੇ ਵਾਧੇ ਵਿੱਚ ਰੁਕਾਵਟ ਪਾਉਂਦੀ ਹੈ ਇਸ ਮੁਸ਼ਕਲ ਤੋਂ ਨਿਯਾਤ ਲਈ ਖੇਤ ਤਿਆਰ ਕਰਨ ਤੋਂ ਪਹਿਲਾਂ ਤਿੰਨ-ਚਾਰ ਸਾਲਾਂ ਦਰਮਿਆਨ ਇੱਕ ਮੀਟਰ ਦੀ ਦੂਰੀ ਤੇ 45-50 ਸੈਂਟੀਮੀਟਰ ਡੂੰਘੀ ਦੋ ਤਰਫ਼ਾ ਵਹਾਈ ਕਰੋ । ਡੂੰਘੀ ਵਹਾਈ ਨਾਲ ਜ਼ਮੀਨ ਹੇਠਾਂ ਬਣੀ ਸਖ਼ਤ ਤਹਿ ਟੁੱਟ ਜਾਂਦੀ ਹੈ ਜਿਸ ਨਾਲ ਫ਼ਸਲ ਦੀਆਂ ਜੜ੍ਹਾਂ ਡੂੰਘਾਈ ਤੱਕ ਜਾਣ ਨਾਲ ਪਾਣੀ ਜ਼ੀਰਨ ਦੀ ਸ਼ਕਤੀ ਵਿੱਚ ਸੁਧਾਰ ਅਤੇ ਫ਼ਸਲ ਦੇ ਝਾੜ ਵਿੱਚ ਵੀ ਵਾਧਾ ਹੁੰਦਾ ਹੈ ।

**ਬਿਜਾਈ ਦਾ ਢੰਗ**

**1. ਖਾਲੀ ਵਿਧੀ ਰਾਹੀਂ ਗੰਨੇ ਦੀ ਬਿਜਾਈ** : ਇਸ ਵਿਧੀ ਰਾਹੀਂ ਬਿਜਾਈ ਕਰਨ ਲਈ ਖਾਲੀਆਂ ਵਿਚਕਾਰ ਫ਼ਾਸਲਾ 75 ਸੈਂਟੀਮੀਟਰ ਅਤੇ ਖਾਲੀਆਂ ਦੀ ਡੂੰਘਾਈ 20-25 ਸੈਂਟੀਮੀਟਰ ਰੱਖੋ । ਖਾਲੀਆਂ ਵਿਚਕਾਰ ਫ਼ਾਸਲਾ 120 ਸੈਂਟੀਮੀਟਰ ਤੱਕ ਵੀ ਵਧਾਇਆ ਜਾ ਸਕਦਾ ਹੈ ।

**2. ਦੋ ਕਤਾਰੀ ਖਾਲੀ ਵਿਧੀ (90:30/120:30 ਸੈਂਟੀਮੀਟਰ)** : ਇਸ ਵਿਧੀ ਰਾਹੀਂ ਫ਼ਸਲ ਦੀ ਬਿਜਾਈ 2 ਕਤਾਰਾਂ ਵਿੱਚ ਇੱਕ ਫੁੱਟ ਚੌੜੀਆਂ ਅਤੇ 20-25 ਸੈਂਟੀਮੀਟਰ ਡੂੰਘੀਆਂ ਖਾਲੀਆਂ ਵਿੱਚ ਕਰੋ । ਇੱਕ ਖਾਲੀ ਤੋਂ ਦੂਸਰੀ ਖਾਲੀ ਵਿਚਕਾਰ ਫ਼ਾਸਲਾ 3 ਫੁੱਟ ਰੱਖੋ ਜੋ ਕਿ 4 ਫੁੱਟ ਤੱਕ ਵੀ ਵਧਾਇਆ ਜਾ ਸਕਦਾ ਹੈ । ਇਸ ਤਰ੍ਹਾਂ ਬਿਜਾਈ ਕਰਨ ਨਾਲ ਸਿੰਚਾਈ ਵਾਲੇ ਪਾਣੀ ਦੀ ਬੱਚਤ, ਫ਼ਸਲ ਦੀ ਸੌਖੀ ਬੰਨ੍ਹਾਈ ਅਤੇ ਝਾੜ ਵਿੱਚ ਵਾਧੇ ਦੇ ਨਾਲ-ਨਾਲ ਅੰਤਰ ਫ਼ਸਲਾਂ ਦੀ ਕਾਸ਼ਤ ਵਿੱਚ ਵੀ ਸਹਾਈ ਹੁੰਦਾ ਹੈ ।

ਖਾਲੀ ਵਿੱਚ ਗੰਨੇ ਦੀਆਂ ਦੋ ਕਤਾਰਾਂ ਬੀਜਣ ਵਾਸਤੇ ਸ਼ੂਗਰਕੇਨ ਟਰੈਂਚ ਪਲਾਂਟਰ ਵਰਤੋਂ । ਇਹ ਵਿਧੀ ਨਾਲ ਬਿਜਾਈ ਕਰਨ ਨਾਲ ਬਿਜਾਈ ਤੋਂ ਆਉਣ ਵਾਲੇ ਖਰਚ ਨੂੰ ਭਾਵੇਂ 25% ਤੱਕ ਘਟਾਇਆ ਜਾ ਸਕਦਾ ਹੈ । ਇਸ ਨਾਲ ਇੱਕ ਦਿਨ ਵਿੱਚ 2-3 ਏਕੜ ਬਿਜਾਈ ਕੀਤੀ ਜਾ ਸਕਦੀ ਹੈ ।

**ਅੰਤਰ-ਫ਼ਸਲਾਂ** : ਕਿਸਾਨ ਦੀ ਆਮਦਨ ਨੂੰ ਵਧਾਉਣ ਲਈ ਬਸੰਤ ਰੁੱਤ ਦੇ ਕਮਾਦ ਦੀ ਫ਼ਸਲ ਨੂੰ ਵੱਖ-ਵੱਖ ਅੰਤਰ-ਫ਼ਸਲਾਂ ਜਿਵੇਂ ਕਿ ਗਰਮੀਆਂ ਦੀ ਮੂੰਗੀ, ਗਰਮੀਆਂ ਦਾ ਮਾਸ, ਭਿੰਡੀ, ਖੀਰਾ ਅਤੇ ਜਾਪਾਨੀ ਪੁਦੀਨਾ ਨਾਲ ਵੀ ਬੀਜਿਆ ਜਾ ਸਕਦਾ ਹੈ । ਇਹਨਾਂ ਫ਼ਸਲਾਂ ਲਈ ਸਿਫ਼ਾਰਿਸ਼ਾਂ ਸਾਰਣੀ ਅਨੁਸਾਰ ਕਰੋ ।

**ਖਾਦਾਂ ਦੀ ਵਰਤੋਂ** :

**ਜੈਵਿਕ ਅਤੇ ਜੀਵਾਣੂੰ ਖਾਦਾਂ** : ਕਮਾਦ ਦੀ ਫ਼ਸਲ ਤੋਂ ਵਧੇਰੇ ਝਾੜ ਲੈਣ ਲਈ ਜੇਕਰ ਬਿਜਾਈ ਤੋਂ 15 ਦਿਨ ਪਹਿਲਾਂ 8 ਟਨ ਰੂੜੀ ਦੀ ਖਾਦ ਜਾਂ ਪ੍ਰੈਸ ਮੱਡ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਈ ਗਈ ਹੋਵੇ ਤਾਂ 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ) ਪ੍ਰਤੀ ਏਕੜ ਪਾਉ । ਜੇ ਰੂੜੀ ਦੀ ਖਾਦ ਘੱਟ ਹੋਵੇ ਤਾਂ ਜੈਵਿਕ ਖਾਦਾਂ (ਕੰਨਸ਼ੋਰੀਅਮ) 4 ਕਿਲੋ ਅਤੇ 4 ਟਨ ਪ੍ਰਤੀ ਏਕੜ ਬੀਜੜ ਅਤੇ ਮੁਢੀ ਫ਼ਸਲ ਨੂੰ ਪਾਉ ।

**ਰਸਾਇਣਕ ਖਾਦਾਂ ਪਾਉਣ ਦਾ ਸਮਾਂ** : ਬੀਜੜ ਅਤੇ ਮੂਢੀ ਫ਼ਸਲ ਲਈ ਕ੍ਰਮਵਾਰ 60 ਅਤੇ 90 ਕਿਲੋਗ੍ਰਾਮ ਨਾਈਟ੍ਰੋਜਨ ਪ੍ਰਤੀ ਏਕੜ ਦੀ ਵਰਤੋਂ ਕਰੋ । ਨਾਈਟ੍ਰੋਜਨ ਦੀ ਮਾਤਰਾ ਨੂੰ ਪੂਰਾ ਕਰਨ ਲਈ ਕ੍ਰਮਵਾਰ 130 ਅਤੇ 195 ਕਿਲੋਗ੍ਰਾਮ ਯੂਰੀਆ ਬੀਜੜ ਅਤੇ ਮੂਢੀ ਫ਼ਸਲ ਲਈ ਵਰਤੋਂ । ਬੀਜੜ ਫ਼ਸਲ ਨੂੰ ਨਾਈਟ੍ਰੋਜਨ ਖਾਦ ਦਾ ਅੱਧਾ ਹਿੱਸਾ ਕਮਾਦ ਜੰਮਣ ਤੋਂ ਬਾਅਦ ਪਹਿਲੇ ਪਾਣੀ ਨਾਲ ਲਾਈਨਾਂ ਦੇ ਨਾਲ ਕੇਰਾ ਕਰੋ ਜਾਂ ਡਰਿਲ ਕਰੋ ਅਤੇ ਬਾਕੀ ਦੀ ਅੱਧੀ ਖਾਦ ਇਸੇ ਤਰੀਕੇ ਨਾਲ ਮਈ-ਜੂਨ ਵਿੱਚ ਡਰਿਲ ਕਰ ਦਿਉ । ਮੂਢੀ ਫ਼ਸਲ ਨੂੰ ਫ਼ਰਵਰੀ ਵਿੱਚ ਪਹਿਲੀ ਗੋਡੀ ਜਾਂ ਵਾਹੀ ਸਮੇਂ ਨਾਈਟ੍ਰੋਜਨ ਖਾਦ ਦਾ ਤੀਜਾ ਹਿੱਸਾ ਛੱਟੇ ਨਾਲ ਪਾਉ । ਤੀਸਰਾ ਹਿੱਸਾ ਫੇਰ ਅਪ੍ਰੈਲ ਵਿੱਚ ਅਤੇ ਬਾਕੀ ਰਹਿੰਦਾ ਤੀਸਰਾ ਹਿੱਸਾ ਮਈ ਵਿੱਚ ਪਾਓ । ਫ਼ਾਸਫੋਰਸ ਵਾਲੀ ਖਾਦ (ਮਿੱਟੀ ਪਰਖ ਅਨੁਸਾਰ) ਸਿਆੜਾਂ ਵਿੱਚ ਬਰੋਟਿਆਂ ਨੂੰ ਹੇਠਾਂ ਪਾਉ ।



**ਨਦੀਨਾਂ ਦੀ ਰੋਕਥਾਮ** : ਲੰਮੇ ਸਮੇਂ ਦੀ ਫ਼ਸਲ ਹੋਣ ਕਾਰਨ ਇਸ ਫ਼ਸਲ ਨੂੰ ਦੋਵੇਂ ਮੌਸਮਾਂ ਦੇ ਨਦੀਨਾਂ ਦੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ । ਵੱਖੋ-ਵੱਖ ਨਦੀਨ ਅਤੇ ਅੰਤਰ ਫ਼ਸਲਾਂ ਦੀ ਕਾਸ਼ਤ ਨੂੰ ਮੁੱਖ ਰੱਖਦੇ ਹੋਏ, ਨਦੀਨ ਨਾਸ਼ਕਾਂ ਤੇ ਨਿਰਭਰਤਾ ਦੀ ਬਜਾਏ ਸਰਵਪੱਖੀ ਨਦੀਨ ਪ੍ਰਬੰਧਨ ਨੂੰ ਅਪਨਾਉ । ਬਿਜਾਈ ਸਮੇਂ 3-4 ਵਾਰੀ ਵਾਹੁਣ ਨਾਲ ਜ਼ਮੀਨ ਚੰਗੀ ਬਰੀਕ ਤਿਆਰ ਹੋ ਜਾਵੇਗੀ ਅਤੇ ਹਰ ਵਾਹੀ ਪਿਛੋਂ ਸੁਹਾਗਾ ਫੇਰਿਆ ਜਾਵੇ । ਜਿਸ ਨਾਲ ਜ਼ਮੀਨ ਦੀ ਉੱਪਰਲੀ ਤਹਿ ਸੁੱਕਣ ਨਾਲ ਨਦੀਨਾਂ ਦੀ ਪਹਿਲੀ ਭਰਮਾਰ ਨੂੰ ਘਟਾਇਆ ਜਾ ਸਕਦਾ ਹੈ । ਫ਼ਸਲ ਦੀ ਬਿਜਾਈ ਹਮੇਸ਼ਾ ਵੱਤਰ/ਤਰ-ਵੱਤਰ ਤੇ ਕਰਨੀ ਚਾਹੀਦੀ ਹੈ ਤਾਂ ਜੋ ਬਿਜਾਈ ਅਤੇ ਪਹਿਲੇ ਪਾਣੀ ਵਿਚਕਾਰ ਸਮਾਂ ਵਧਾਇਆ ਜਾ ਸਕੇ । ਜੋ ਕਿ ਪਹਿਲੇ ਪਾਣੀ ਤੋਂ

ਬਾਕੀ ਸਫਾ 6 'ਤੇ

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ
ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ


12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 07
ਮਿਤੀ 14-02-2026



**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ

**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਰਸਾਇਣਾਂ ਨਾਲ ਪੱਕੇ ਫਲ ਹਾਨੀਕਾਰਕ

**ਮੁਨਾਫੇ ਦੇ ਚੱਕਰ ਵਿੱਚ ਵਪਾਰੀ ਨੂੰ ਏਨਾ ਲੋਕ-ਵਿਰੋਧੀ ਬਣਾ ਦਿੱਤਾ ਹੈ ਕਿ ਉਹ ਸਿਰਫ ਆਪਣੇ ਭਲੇ ਦੀ ਹੀ ਸੋਚਦਾ ਹੈ। ਫਲਾਂ ਅਤੇ ਸਬਜ਼ੀਆਂ 'ਤੇ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਹੁੰਦੀ ਹੈ। ਇੱਥੇ ਇਸ ਤਰ੍ਹਾਂ ਦੀਆਂ ਅਨੇਕ ਕੀਟ ਅਤੇ ਰੋਗਨਾਸ਼ਕ ਦਵਾਈਆਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਨ੍ਹਾਂ 'ਤੇ ਵਿਕਸਿਤ ਦੇਸ਼ਾਂ ਵਿੱਚ ਰੋਕ ਲਗਾਈ ਹੋਈ ਹੈ।**



ਅੱਜਕੱਲ੍ਹ ਬਾਜ਼ਾਰ ਵਿੱਚ ਰਸਾਇਣਾਂ ਨਾਲ ਪਕਾਏ ਗਏ ਫ਼ਲ ਵੀ ਮੁੱਖ ਤੌਰ 'ਤੇ ਵਿਕਦੇ ਹਨ, ਜੋ ਸਾਡੀ ਸਿਹਤ ਲਈ ਬਹੁਤ ਹਾਨੀਕਾਰਕ ਹਨ। ਅੰਬ, ਕੇਲਾ, ਪਪੀਤਾ, ਚੀਕੂ ਆਦਿ ਫਲ ਰਸਾਇਣਾਂ ਦੀ ਮਦਦ ਨਾਲ ਪਕਾਏ ਜਾਂਦੇ ਹਨ। ਇਹ ਰਸਾਇਣ ਅੰਤੜੀਆਂ, ਦਿਲ, ਫੇਫੜੇ ਅਤੇ ਗੁਰਦੇ ਆਦਿ ਨੂੰ ਨੁਕਸਾਨ ਪਹੁੰਚਾਉਂਦੇ ਹਨ। ਸ਼ਾਸਨ-ਪ੍ਰਸ਼ਾਸਨ, ਡਾਕਟਰੀ, ਸਮਾਜ ਸੇਵੀ ਅਤੇ ਜਾਗਰੂਕ ਲੋਕ ਇਸ ਪਾਸੇ ਅੱਖਾਂ ਬੰਦ ਕਰਕੇ ਬੈਠੇ ਹੋਏ ਹਨ। ਉਨ੍ਹਾਂ ਨੂੰ ਨਾਗਰਿਕਾਂ ਦੇ ਜੀਵਨ ਅਤੇ ਸਿਹਤ ਦੀ ਜ਼ਰਾ ਵੀ ਚਿੰਤਾ ਨਹੀਂ ਹੈ।

ਜ਼ਰਾ-ਜ਼ਰਾ ਜਿੰਨੀ ਗੱਲ 'ਤੇ ਹੋ-ਹੱਲਾ ਕਰਨ ਵਾਲੇ ਵਿਰੋਧੀ ਰਾਜਨੀਤਿਕ ਨੇਤਾ ਅਤੇ ਸਮਾਜਿਕ ਸੰਗਠਨ ਅਤੇ ਬੁੱਧੀਜੀਵੀ ਇਸ ਸਮੱਸਿਆ ਵੱਲੋਂ ਅੱਖਾਂ ਬੰਦ ਕੀਤੀ ਬੈਠੇ ਹਨ। ਸਿਹਤ ਬਾਰੇ ਮਾਹਿਰਾਂ ਦਾ ਮੰਨਣਾ ਹੈ ਕਿ ਫ਼ਲਾਂ ਨੂੰ ਪਕਾਉਣ ਵਿੱਚ ਵਰਤੇ ਜਾਣ ਵਾਲੇ ਰਸਾਇਣਾਂ ਨਾਲ ਕੈਂਸਰ ਪੈਦਾ ਹੋਣ ਦੀ ਸੰਭਾਵਨਾ ਹੈ। ਉਂਝ ਤਾਂ ਇਹ ਰਸਾਇਣ ਪਾਊਡਰ ਦੇ ਰੂਪ ਵਿੱਚ ਮਿਲਦਾ ਹੈ ਅਤੇ ਫਲਾਂ ਦਰਮਿਆਨ ਕਾਗਜ਼ ਵਿੱਚ ਲਪੇਟ ਕੇ ਰੱਖਿਆ ਜਾਂਦਾ ਹੈ ਅਤੇ ਇਸ ਤੋਂ ਨਿਕਲਣ ਵਾਲੀ ਗੈਸ ਨਾਲ ਫਲ ਪੱਕਦੇ ਹਨ, ਪਰ ਇਨ੍ਹਾਂ ਫਲਾਂ ਵਿੱਚ ਸਮਾਈ ਗੈਸ ਤਾਂ ਨੁਕਸਾਨ ਦਿੰਦੀ ਹੀ ਹੈ।

ਫਲ ਪੱਕਣ ਤੋਂ ਬਾਅਦ ਪਲਟਣ ਸਮੇਂ ਜ਼ਿਆਦਾਤਰ ਪੁੜੀਆਂ ਫਟ ਜਾਂਦੀਆਂ ਹਨ। ਫਲਾਂ 'ਤੇ ਕਿਉਂਕਿ ਚਿਪਚਿਹਾਟ ਹੁੰਦੀ ਹੈ, ਇਸ ਕਾਰਨ ਪਾਊਡਰ ਫਲਾਂ 'ਤੇ ਚਿੰਬੜ ਜਾਂਦਾ ਹੈ। ਗੈਰ-ਜਾਣਕਾਰ ਲੋਕ ਜਾਂ ਪਾਣੀ ਦੀ ਘਾਟ ਵਿੱਚ ਦੂਜੇ ਲੋਕ ਵੀ ਫਲਾਂ ਨੂੰ ਬਿਨਾਂ ਧੋਤੇ ਖਾ ਲੈਂਦੇ ਹਨ। ਜੇਕਰ ਫਲਾਂ ਨੂੰ ਧੋ ਵੀ ਲਿਆ ਜਾਵੇ, ਉਦੋਂ ਵੀ ਰਸਾਇਣ ਪੂਰੀ ਤਰ੍ਹਾਂ ਫਲਾਂ ਤੋਂ ਲਹਿੰਦੇ ਨਹੀਂ ਹਨ। ਇਸ ਤਰ੍ਹਾਂ ਸਾਡੇ ਸਰੀਰ ਲਈ ਹਾਨੀਕਾਰਕ ਇਨ੍ਹਾਂ ਰਸਾਇਣਾਂ ਦਾ ਕੁਝ ਅੰਸ਼ ਸਾਡੇ ਸਰੀਰ ਵਿੱਚ ਪਹੁੰਚ ਜਾਂਦਾ ਹੈ।

ਮੁਨਾਫੇ ਦੇ ਚੱਕਰ ਵਿੱਚ ਵਪਾਰੀ ਨੂੰ ਏਨਾ ਲੋਕ-ਵਿਰੋਧੀ ਬਣਾ ਦਿੱਤਾ ਹੈ ਕਿ ਉਹ ਸਿਰਫ ਆਪਣੇ ਭਲੇ ਦੀ ਹੀ ਸੋਚਦਾ ਹੈ। ਫਲਾਂ ਅਤੇ ਸਬਜ਼ੀਆਂ 'ਤੇ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਹੁੰਦੀ ਹੈ। ਇੱਥੇ ਇਸ ਤਰ੍ਹਾਂ ਦੀਆਂ ਅਨੇਕ ਕੀਟ ਅਤੇ ਰੋਗਨਾਸ਼ਕ ਦਵਾਈਆਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਨ੍ਹਾਂ 'ਤੇ ਵਿਕਸਿਤ ਦੇਸ਼ਾਂ ਵਿੱਚ ਰੋਕ ਲਗਾਈ ਹੋਈ ਹੈ।

ਟਹਿਣੀ 'ਤੇ ਪੱਕੇ ਫਲ ਤੋੜਨ ਅਤੇ ਉਨ੍ਹਾਂ ਨੂੰ ਬਾਜ਼ਾਰ ਤੱਕ ਲੈ ਜਾਣ ਵਿੱਚ ਕਾਫ਼ੀ ਫ਼ਲ ਖਤਮ ਹੋ ਜਾਂਦੇ ਹਨ, ਇਸ ਲਈ ਅੱਧਪੱਕੇ ਫਲ ਤੋੜ ਕੇ ਉਨ੍ਹਾਂ ਨੂੰ ਗੋਦਾਮਾਂ ਵਿੱਚ ਸੰਭਾਲ ਲਿਆ ਜਾਂਦਾ ਹੈ। ਉਨ੍ਹਾਂ ਦਰਮਿਆਨ ਫਲ ਪਕਾਉਣ ਵਾਲੇ ਰਸਾਇਣ ਰੱਖ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਪੱਕੇ ਫਲਾਂ ਨਾਲ ਭਾਵੇਂ ਹੀ ਖਾਣ ਵਾਲਿਆਂ ਨੂੰ ਨੁਕਸਾਨ ਹੁੰਦਾ ਹੋਵੇ, ਪਰ ਵਪਾਰੀ ਜ਼ਿਆਦਾ ਮੁਨਾਫਾ ਕਮਾਉਣ ਵਿੱਚ ਸਫਲ ਰਹਿੰਦਾ ਹੈ।

ਜ਼ਰੂਰਤ ਇਸ ਗੱਲ ਦੀ ਹੈ ਕਿ ਰਸਾਇਣਾਂ ਨਾਲ ਫਲ ਪਕਾਉਣ ਵਿਰੁੱਧ ਅਭਿਆਨ ਛੇੜਿਆ ਜਾਵੇ ਅਤੇ ਘਰਾਂ ਵਿੱਚ ਫਲਦਾਰ ਦਰੱਖਤ ਲਗਾਉਣ ਦੀ ਆਦਤ ਪਾਈ ਜਾਵੇ। ਇਸ ਨਾਲ ਟਹਿਣੀ 'ਤੇ ਪੱਕੇ ਸੁਰੱਖਿਅਤ ਫਲ ਤਾਂ ਹਾਸਿਲ ਹੋਣਗੇ ਹੀ ਧਰਤੀ ਦੇ ਵਿਗੜਦੇ ਵਾਤਾਵਰਨ ਨੂੰ ਬਚਾਇਆ ਜਾ ਸਕੇਗਾ। ਘਰ ਵਿੱਚ ਹੀ ਚੰਗੇ ਫਲ ਹਾਸਿਲ ਹੋਣ ਨਾਲ ਸਿਹਤ ਤਾਂ ਚੰਗੀ ਰਹੇਗੀ ਹੀ, ਬਾਜ਼ਾਰ ਵਿੱਚ ਖਰਚ ਕੀਤਾ ਜਾਣ ਵਾਲਾ ਪੈਸਾ ਵੀ ਬਚੇਗਾ।

ਅੰਬ, ਅਮਰੂਦ, ਕੇਲਾ ਅਤੇ ਅੰਗੂਰ ਆਦਿ ਫਲ ਹਰ ਤਰ੍ਹਾਂ ਦੇ ਮੌਸਮ ਵਿੱਚ ਹੋ ਜਾਂਦੇ ਹਨ। ਘਰ ਵਿੱਚ ਵੱਖ-ਵੱਖ ਫਲਾਂ ਦੇ ਹੋਣ ਦਾ ਇੱਕ ਫਾਇਦਾ ਇਹ ਵੀ ਹੈ ਕਿ ਜਿਸ ਸਮੇਂ ਚਾਹੋ ਤਾਜ਼ੇ ਫ਼ਲ ਮਿਲਣਗੇ। ਬਾਜ਼ਾਰ ਤੋਂ ਖਰੀਦੇ ਫਲ ਵੀ ਚੰਗੀ ਤਰ੍ਹਾਂ ਧੋ ਕੇ ਹੀ ਖਾਓ।

**- ਅਯੋਧਿਆ ਪ੍ਰਸਾਦ 'ਭਾਰਤੀ'**

# ਦੁੱਧ ਦਾ ਗੋਰਖਧੰਦਾ ਨਿਗਲ ਰਿਹੈ ਜ਼ਿੰਦਗੀਆਂ

ਪੰਜਾਬ ਅੰਦਰ ਹਰ ਵਰ੍ਹੇ ਵਿਆਹ ਸਮਾਗਮਾਂ ਅਤੇ ਤਿਉਹਾਰਾਂ ਦੇ ਸੀਜ਼ਨ ਨੂੰ ਮੁੱਖ ਰੱਖ ਕੇ ਮੁਨਾਫਾਖੋਰ ਵਰਗ ਸਰਗਰਮ ਹੋ ਜਾਂਦਾ ਹੈ। ਇਹ ਸਾਡੀ ਤ੍ਰਾਸਦੀ ਹੈ ਕਿ ਸਾਡੇ ਸਮਾਜ ਅੰਦਰ ਮੁਨਾਫ਼ਾਖੋਰੀ ਨੇ ਇਸ ਕਦਰ ਆਪਣਾ ਜਾਲ ਬੁਣ ਲਿਆ ਹੈ ਕਿ ਉਸ ਤੋਂ ਛੇਤੀ ਕਿਤੇ ਖਹਿੜਾ ਛੁਡਾਉਣਾ ਅਸੰਭਵ ਜਾਪਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਇਨਸਾਨ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਤੇ ਚੰਦ ਛਿੱਲੜਾਂ ਦੇ ਮੁਨਾਫੇ ਖਾਤਰ ਭੋਲੀਆਂ-ਭਾਲੀਆਂ ਮਾਸੂਮ ਇਨਸਾਨੀ ਜ਼ਿੰਦਗੀਆਂ ਨੂੰ ਵੀ ਦਾਅ 'ਤੇ ਲਾਉਣ ਤੋਂ ਗੁਰੇਜ਼ ਨਹੀਂ ਕਰ ਰਿਹਾ। ਜਦ ਬਾਜ਼ਾਰਾਂ ਅੰਦਰ ਗੁਲਾਬ ਜਾਮਣ ਤੇ ਬਰਫੀ ਅੱਧੇ ਮੁੱਲ 'ਤੇ ਮਿਲਦੀ ਹੋਵੇ ਤਾਂ ਅਸੀਂ ਹਾਲਾਤ ਸਮਝ ਸਕਦੇ ਹਾਂ। ਬਾਜ਼ਾਰਾਂ ਅੰਦਰ ਕੁਝ ਮਾੜੇ ਦੁਕਾਨਦਾਰਾਂ ਕਾਰਨ ਚੰਗਿਆਂ ਦਾ ਅਕਸ ਵੀ ਖਰਾਬ ਹੋ ਰਿਹਾ ਹੈ। ਵਿਆਹਾਂ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਬਾਕੀ ਵਸਤਾਂ ਨੂੰ ਪਰੇ ਰੱਖ ਕੇ ਜੇਕਰ ਸਿਰਫ ਦੁੱਧ ਦੀ ਗੱਲ ਕਰੀਏ, ਤਾਂ ਜੋ ਅੰਕੜੇ ਨਿਕਲਦੇ ਨੇ, ਉਹ ਇੱਕ ਆਮ ਇਨਸਾਨ ਦੀ ਰਾਤਾਂ ਦੀ ਨੀਂਦ ਖੋਹ ਲੈਂਦੇ ਹਨ। ਕਈ ਮੁਨਾਫਾਖੋਰਾਂ ਵੱਲੋਂ ਦੁੱਧ ਦੇ ਮਾਮਲੇ ਵਿੱਚ ਨਵਜਨਮੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਾਲ ਧਰੋਹ ਕਮਾਇਆ ਜਾ ਰਿਹਾ ਹੈ। ਹੁਣ ਬਹੁਤੇ ਲੋਕਾਂ ਵੱਲੋਂ ਦੁੱਧ ਤੋਂ ਤਿਆਰ ਵਸਤਾਂ ਦਾ ਇਸਤੇਮਾਲ ਵੱਡੀ ਮਾਤਰਾ ਵਿੱਚ ਕੀਤਾ ਜਾਂਦਾ ਹੈ। ਪਿਛਲੇ ਸਮੇਂ ਤੋਂ ਜੋ ਦੁੱਧ ਦੇ ਅੰਕੜੇ ਸਾਹਮਣੇ ਆਉਂਦੇ ਹਨ, ਉਨ੍ਹਾਂ ਅਨੁਸਾਰ ਜੇਕਰ ਪੰਜਾਬ ਅੰਦਰ ਪੈਦਾ ਹੋ ਰਹੇ ਦੁੱਧ 'ਤੇ ਧਿਆਨ ਮਾਰੀਏ ਤਾਂ ਜਿੰਨਾ ਦੁੱਧ ਪੰਜਾਬ ਅੰਦਰ ਪੈਦਾ ਹੋ ਰਿਹਾ ਹੈ, ਖਪਤ ਉਸ ਤੋਂ ਕਿਤੇ ਵੱਧ ਹੈ। ਸੋਚਣਾ ਤਾਂ ਬਣਦੈ ਕਿ ਪੈਦਾ ਹੋ ਰਹੇ ਅਤੇ ਖਪਤ ਹੋ ਰਹੇ ਦੁੱਧ ਵਿਚਕਾਰ ਜਿਹੜਾ ਪਾੜਾ ਹੈ, ਉਸ ਨੂੰ ਕਿਵੇਂ ਪੂਰਿਆ ਜਾ ਰਿਹਾ ਹੈ। ਜੇਕਰ ਬਾਕੀ ਸੂਬਿਆਂ ਤੋਂ ਆ ਰਹੇ ਦੁੱਧ ਨੂੰ ਵੀ ਇਸ ਜੋੜ ਵਿੱਚ ਸ਼ਾਮਿਲ ਕਰ ਲਈਏ ਤਾਂ ਵੀ ਅੰਕੜੇ ਚੀਸ ਭਰੇ ਹਨ। ਇਸ ਅਸਲੀ ਤੇ ਨਕਲੀ ਦੁੱਧ ਦੇ ਵਿਚਕਾਰਲੇ ਪਾੜੇ ਨੂੰ ਜੇ ਗੌਰ ਨਾਲ ਵੇਖੀਏ ਤਾਂ ਸਾਰਾ ਮਾਜਰਾ ਸਹਿਜੇ ਹੀ ਸਾਹਮਣੇ ਆ ਜਾਂਦਾ ਹੈ। ਪੰਜਾਬ ਅੰਦਰ ਪਸ਼ੂਆਂ ਦੀ ਹੋ ਰਹੀ ਬੇਕਦਰੀ ਦੇ ਸਾਰੇ ਪੁਆੜੇ ਦੀ ਜੜ੍ਹ ਸਿਰਫ ਨਕਲੀ ਦੁੱਧ ਹੈ, ਕਿਉਂਕਿ ਨਕਲੀ ਦੁੱਧ ਦੀ ਬਦੌਲਤ ਪਸ਼ੂ-ਪਾਲਕਾਂ ਨੂੰ ਚੰਗਾ ਭਾਅ ਨਹੀਂ ਮਿਲ ਰਿਹਾ, ਜਿਸ ਕਰਕੇ ਬਹੁਤੇ ਕਿਸਾਨ ਪਸ਼ੂਆਂ ਤੋਂ ਕਿਨਾਰਾ ਕਰ ਚੁੱਕੇ ਹਨ। ਇਸੇ ਕਾਰਨ ਪੰਜਾਬੀ ਨਕਲੀ ਦੁੱਧ ਦੇ ਰੂਪ ਵਿੱਚ ਜ਼ਹਿਰ ਖਾਣ ਲਈ ਮਜ਼ਬੂਰ ਹਨ।



ਮੌਜੂਦਾ ਸਮੇਂ ਪਸ਼ੂ-ਪਾਲਕਾਂ ਨੂੰ ਗਾਂਵਾਂ ਤੇ ਮੱਝਾਂ ਦੇ ਦੁੱਧ ਦਾ ਔਸਤ ਭਾਅ 30 ਤੋਂ 60 ਰੁਪਏ ਦੇ ਵਿਚਕਾਰ ਮਿਲਣਾ, ਇਸ ਖਤਮ ਹੋ ਰਹੇ ਧੰਦੇ ਦੀ ਨਿਸ਼ਾਨੀ ਹੈ। ਹਰ ਵਰ੍ਹੇ ਬਾਜ਼ਾਰਾਂ ਅੰਦਰ ਨਕਲੀ ਦੁੱਧ ਤੋਂ ਬਣੀਆਂ ਵਸਤੂਆਂ ਨੂੰ ਸੰਬੰਧਿਤ ਵਿਭਾਗ ਜ਼ਬਤ ਤਾਂ ਜ਼ਰੂਰ ਕਰਦਾ ਹੈ, ਪਰ ਕੁਝ ਸਮੇਂ ਬਾਅਦ ਉੱਥੇ ਹੀ ਮੁੜ ਉਨ੍ਹਾਂ ਦੁਕਾਨਦਾਰਾਂ ਵੱਲੋਂ ਮੇਲਾ ਲਾ ਕੇ ਲੋਕਾਂ ਦਾ ਚੰਮ ਲਾਹਿਆ ਜਾਂਦਾ ਹੈ, ਜਿਸ ਵੱਲ ਕਿਸੇ ਦਾ ਵੀ ਧਿਆਨ ਨਹੀਂ ਜਾਂਦਾ। ਬਾਜ਼ਾਰਾਂ ਅੰਦਰ ਸ਼ਰੇਆਮ ਚਿੱਟੇ ਦਿਨ ਹੋ ਰਹੀ ਮਿਲਾਵਟਖੋਰੀ ਦਾ ਅੰਦਾਜ਼ਾ ਇਸ ਤੋਂ ਸਹਿਜ-ਸੁਭਾਅ ਹੀ ਲੱਗ ਜਾਂਦਾ ਹੈ ਕਿ ਜੇ ਤੁਸੀਂ ਕਿਸੇ ਵੀ ਦੁਕਾਨਦਾਰ ਨੂੰ ਜਿੰਨੇ ਮਰਜ਼ੀ ਕੁਇੰਟਲ ਪਨੀਰ ਦਾ ਆਰਡਰ ਦੇ ਦੇਵੋ ਤਾਂ ਉਹ ਤੁਰੰਤ ਹਾਜ਼ਰ ਕਰ ਦੇਵੇਗਾ। ਇਹ ਸਾਮਾਨ ਕਿੱਥੋਂ ਆ ਰਿਹਾ ਹੈ, ਕਹਿਣ ਦੀ ਲੋੜ ਨਹੀਂ। ਕਈ ਖਾਸ ਦੁਕਾਨਦਾਰਾਂ ਤੋਂ ਗੁਲਾਬ ਜਾਮਣ ਤੇ ਰਸਗੁੱਲੇ 100 ਤੋਂ 120 ਰੁਪਏ ਕਿਲੋ ਮਿਲ ਜਾਣਾ ਕਿਸ ਪਾਸੇ ਵੱਲ ਇਸ਼ਾਰਾ ਕਰਦਾ ਹੈ। ਜਿਹੜੇ ਦੁਕਾਨਦਾਰ ਚੰਗੀ ਗੁਣਵੱਤਾ ਦਾ ਸਾਮਾਨ ਤਿਆਰ ਕਰਦੇ ਹਨ, ਫਿਰ ਉਨ੍ਹਾਂ ਕੋਲ ਗਾਹਕ ਕਿਉਂ ਜਾਵੇਗਾ, ਕਿਉਂਕਿ ਗਾਹਕ ਨੂੰ ਇੱਕ ਪਾਸੇ ਸਸਤਾ ਸਾਮਾਨ ਮਿਲ ਰਿਹਾ ਹੈ। ਇਸ ਸਾਰੇ ਵਰਤਾਰੇ ਦਾ ਖਮਿਆਜ਼ਾ ਲੋਕਾਂ ਨੂੰ ਭਿਆਨਕ ਬਿਮਾਰੀਆਂ ਦੇ ਰੂਪ ਵਿੱਚ ਭੁਗਤਣਾ ਪੈ ਰਿਹਾ ਹੈ, ਪਰ ਸੰਬੰਧਿਤ ਵਿਭਾਗ ਸ਼ਾਇਦ ਅਜੇ ਇਹ ਸਭ ਕੁਝ ਮੂਕ ਦਰਸ਼ਕ ਬਣ ਕੇ ਵੇਖ ਰਿਹਾ ਹੈ। ਬੇਹੱਦ ਸਸਤੇ ਅਤੇ ਮਾੜਿਆਂ ਦੀ ਬਦੌਲਤ ਚੰਗੇ ਦੁਕਾਨਦਾਰਾਂ ਦਾ ਧੰਦਾ ਵੀ ਚੌਪਟ ਹੋ ਰਿਹਾ ਹੈ। ਇੰਨਾ ਕੁਝ ਹੋਣ ਦੇ ਬਾਵਜੂਦ ਸੰਬੰਧਿਤ ਵਿਭਾਗ ਵੱਲੋਂ ਸਿਰਫ ਖਾਨਾਪੂਰਤੀ ਜਾਰੀ ਹੈ। ਸਵਾਲ ਤਾਂ ਇਹ ਵੀ ਵੱਡੇ ਹਨ ਕਿ ਆਖਰ ਇਹ ਸਭ ਕੁਝ ਕਿਸ ਦੀ ਪੁਸ਼ਤ-ਪਨਾਹੀ ਹੇਠ ਚੱਲਦਾ ਹੈ। ਇਸ ਵਰਤਾਰੇ ਸੰਬੰਧੀ ਸੰਬੰਧਿਤ ਵਿਭਾਗ ਦੇ ਅਧਿਕਾਰੀਆਂ ਨੂੰ ਫੋਨ ਕਰੋ ਤਾਂ ਉਹ ਫੋਨ ਚੁੱਕਣਾ ਹੀ ਮੁਨਾਸਬ ਨਹੀਂ ਸਮਝਦੇ। ਆਖਰ ਕਦੋਂ ਤੱਕ ਇਹ ਲੋਕ ਚੰਦ ਛਿੱਲੜਾਂ ਖਾਤਰ ਇਨਸਾਨੀ ਜ਼ਿੰਦਗੀਆਂ ਨਾਲ ਖੇਡਦੇ ਰਹਿਣਗੇ, ਇਹ ਸਵਾਲ ਅਜੇ ਵੀ ਸਾਡੇ ਸਮਾਜ ਅੰਦਰ ਮੂੰਹ ਵੱਡੀ ਖੜ੍ਹਾ ਹੈ।

**- ਮਨਜਿੰਦਰ ਸਿੰਘ ਸਰੌਦ, ਮਲੇਰਕੋਟਲਾ** (ਮੋ. 94634-63136)



# ਹਲਕੀਆਂ ਜ਼ਮੀਨਾਂ ਤੇ ਬਹਾਰ ਰੁੱਤ ਦੀ ਮੱਕੀ ਦਾ ਬਦਲ ਹੈ ਮੂੰਗਫ਼ਲੀ

ਮਨਦੀਪ ਸਿੰਘ, ਹਰਿੰਦਰ ਸਿੰਘ ਅਤੇ ਗਗਨਦੀਪ ਧਵਨ,
ਕ੍ਰਿਸ਼ੀ ਵਿਗਿਆਨ ਕੇਂਦਰ ਕਪੂਰਥਲਾ (ਮੋ. 82888-97427)

**ਅਜੋਕੇ ਸਮੇਂ ਦੀ ਲੋੜ ਹੈ ਕਿ ਬਹਾਰ ਰੁੱਤ ਦੀ ਮੱਕੀ ਹੇਠੋਂ ਕੁੱਝ ਰਕਬਾ ਘਟਾ ਕੇ ਹੋਰ ਫ਼ਸਲਾਂ ਅਧੀਨ ਰਕਬਾ ਵਧਾਇਆ ਜਾਵੇ, ਜਿਸ ਨਾਲ ਕਿਸਾਨ ਦੇ ਮੁਨਾਫ਼ੇ ਵਿੱਚ ਵਾਧਾ ਹੋਣ ਦੇ ਨਾਲ-ਨਾਲ ਵਾਤਾਵਰਨ ਸੰਬੰਧੀ ਸਮੱਸਿਆਵਾਂ ਦਾ ਵੀ ਹੱਲ ਹੋਵੇ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਬਹਾਰ ਰੁੱਤ ਦੀ ਮੂੰਗਫ਼ਲੀ ਦੀ ਕਾਸ਼ਤ ਰੇਤਲੀ ਅਤੇ ਦਰਮਿਆਨੀ ਜ਼ਮੀਨ ਵਿੱਚ ਬਹਾਰ ਰੁੱਤ ਦੀ ਮੱਕੀ ਦਾ ਢੁੱਕਵਾਂ ਬਦਲ ਬਣ ਸਕਦੀ ਹੈ, ਜਿਸ ਨਾਲ ਧਰਤੀ ਹੇਠਲਾ ਪਾਣੀ ਵੀ ਬਚਾਇਆ ਜਾ ਸਕਦਾ ਹੈ। ਮੂੰਗਫ਼ਲੀ ਦੇ ਬੂਟੇ ਦਾ ਉੱਪਰਲਾ ਹਿੱਸਾ ਪਸ਼ੂਆਂ ਦੀ ਖ਼ੁਰਾਕ ਦਾ ਚੰਗਾ ਸਰੋਤ ਹੁੰਦਾ ਹੈ ਅਤੇ ਇਸਦੇ ਛਿਲਕੇ ਦੀ ਵਰਤੋਂ ਸਾਈਲੇਜ ਲਈ ਕੀਤੀ ਜਾਂਦੀ ਹੈ। ਮੂੰਗਫ਼ਲੀ ਸੁਆਦੀ ਅਤੇ ਪੌਸ਼ਟਿਕ ਹੋਣ ਕਰਕੇ ਇਸ ਦੀ ਵੱਖ-ਵੱਖ ਭੋਜਨਾਂ ਵਿੱਚ ਵਰਤੋਂ ਕਰਕੇ ਉਨ੍ਹਾਂ ਦੀ ਗੁਣਵੱਤਾ ਵੀ ਵਧਾਈ ਜਾ ਸਕਦੀ ਹੈ। ਮੂੰਗਫ਼ਲੀ ਦਾ ਵਧੇਰੇ ਝਾੜ ਲੈਣ ਲਈ ਇਸਦੀ ਕਾਸ਼ਤ ਦੇ ਉੱਨਤ ਢੰਗ ਹੇਠ ਲਿਖੇ ਅਨੁਸਾਰ ਹਨ।**

**ਜ਼ਮੀਨ ਅਤੇ ਫ਼ਸਲੀ ਚੱਕਰ :-** ਮੂੰਗਫ਼ਲੀ ਦੀ ਕਾਸ਼ਤ ਚੰਗੇ ਜਲ ਨਿਕਾਸ ਅਤੇ ਭਲ ਵਾਲੀਆਂ ਜ਼ਮੀਨਾਂ ਤੇ ਕਰਨੀ ਚਾਹੀਦੀ ਹੈ। ਸੇਂਜੂ ਜ਼ਮੀਨਾਂ ਵਿੱਚ ਮੂੰਗਫ਼ਲੀ-ਪਛੇਤਾ ਸਾਉਣੀ ਦਾ ਚਾਰਾ / ਆਲੂ / ਮਟਰ / ਤੋਰੀਆ / ਹਾੜ੍ਹੀ ਦੀਆਂ ਫ਼ਸਲਾਂ, ਮੂੰਗਫ਼ਲੀ-ਮਟਰ-ਸੂਰਜਮੁਖੀ, ਬਹਾਰ ਰੁੱਤ ਦੀ ਮੂੰਗਫ਼ਲੀ-ਮੱਕੀ / ਮੂੰਗੀ-ਆਲੂ / ਮਟਰ-ਮੱਕੀ, ਬਹਾਰ ਰੁੱਤ ਦੀ ਮੂੰਗਫ਼ਲੀ-ਆਲੂ / ਮਟਰ-ਮੂੰਗੀ ਦਾ ਫ਼ਸਲ ਚੱਕਰ ਅਪਣਾਇਆ ਜਾ ਸਕਦਾ ਹੈ। ਇੱਕ ਖੇਤ ਵਿੱਚ ਹਰ ਸਾਲ ਲਗਾਤਾਰ ਮੂੰਗਫ਼ਲੀ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਫ਼ਸਲੀ ਬਿਮਾਰੀਆਂ ਦਾ ਵਾਧਾ ਹੁੰਦਾ ਹੈ।

**ਉੱਨਤ ਕਿਸਮਾਂ**

**ਜੇ 87 :** ਇਹ ਬਹਾਰ ਰੁੱਤ ਵਿੱਚ ਕਾਸ਼ਤ ਕਰਨ ਲਈ ਬਹੁਤ ਢੁੱਕਵੀਂ ਗੁੱਛੇਦਾਰ ਕਿਸਮ ਹੈ। ਇਸ ਕਿਸਮ ਦੀਆਂ ਗਿਰੀਆਂ ਲੰਬੀਆਂ, ਮੋਟੀਆਂ ਅਤੇ ਹਲਕੇ ਗੁਲਾਬੀ ਰੰਗ ਦੀਆਂ ਹੁੰਦੀਆਂ ਹਨ। ਇਹ ਤਕਰੀਬਨ 112 ਦਿਨਾਂ ਦੇ ਵਿੱਚ ਪੱਕ ਜਾਂਦੀ ਹੈ। ਇਸ ਦਾ ਝਾੜ ਲਗਭਗ 12.8 ਕੁਇੰਟਲ ਪ੍ਰਤੀ ਏਕੜ ਹੈ। ਇਸ ਕਿਸਮ ਦੀਆਂ ਗਿਰੀਆਂ ਵਿੱਚ 49% ਤੇਲ ਅਤੇ ਮਿਠਾਸ ਦੀ ਮਾਤਰਾ 5.2% ਹੁੰਦੀ ਹੈ। ਇਸ ਦੀ ਗਿਰੀਆਂ ਨਿਕਲਣ ਦੀ ਦਰ 69% ਹੈ ਅਤੇ ਹਰ ਗੱਠੀ ਵਿੱਚ 2-3 ਗਿਰੀਆਂ ਹੁੰਦੀਆਂ ਹਨ।

**ਟੀ ਜੀ 37 ਏ (2018) :** ਇਹ ਇੱਕ ਅਗੇਤੀ ਪੱਕਣ ਵਾਲੀ ਗੁੱਛੇਦਾਰ ਕਿਸਮ ਹੈ। ਇਸ ਦੀ ਕਾਸ਼ਤ ਬਹਾਰ ਰੁੱਤ ਵਿੱਚ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਇੱਕ ਕੁਇੰਟਲ ਗੱਠੀਆਂ ਵਿੱਚੋਂ 65 ਕਿਲੋ ਗਿਰੀਆਂ ਨਿਕਲਦੀਆਂ ਹਨ। ਇੱਕ ਗੱਠੀ ਵਿੱਚੋਂ 2-3 ਗਿਰੀਆਂ ਨਿਕਲਦੀਆਂ ਹਨ ਅਤੇ 100 ਗਿਰੀਆਂ ਦਾ ਭਾਰ 42.5 ਗ੍ਰਾਮ ਹੈ। ਗਿਰੀ ਦੀ ਛਿੱਲ ਹਲਕੇ ਗੁਲਾਬੀ ਰੰਗ ਦੀ ਹੁੰਦੀ ਹੈ। ਇਸ ਦਾ ਔਸਤ ਝਾੜ 12.3 ਕੁਇੰਟਲ ਪ੍ਰਤੀ ਏਕੜ ਹੈ। ਗਿਰੀਆਂ ਵਿੱਚ 48.6 ਪ੍ਰਤੀਸ਼ਤ ਤੇਲ ਹੁੰਦਾ ਹੈ। ਇਸ ਵਿੱਚ ਮਿਠਾਸ ਦੀ ਮਾਤਰਾ 5.8% ਹੈ। ਇਹ ਤਕਰੀਬਨ 101 ਦਿਨਾਂ ਵਿੱਚ ਪੱਕ ਜਾਂਦੀ ਹੈ।

**ਜ਼ਮੀਨ ਦੀ ਤਿਆਰੀ :** ਬਿਜਾਈ ਲਈ ਖੇਤ ਤਿਆਰ ਕਰਨ ਲਈ ਤਵੀਆਂ ਜਾਂ ਹਲਾਂ ਨਾਲ ਦੋ ਵਾਰ ਵਹਾਈ ਕਰੋ। ਜਿਨਾਂ ਜ਼ਮੀਨਾਂ ਵਿੱਚ ਕਾਹੀ ਜਾਂ ਦੱਭ ਦੀ ਸਮੱਸਿਆ ਹੋਵੇ ਉੱਥੇ ਖੇਤ ਦੀ ਡੂੰਘੀ ਵਹਾਈ ਕਰਨੀ ਚਾਹੀਦੀ ਹੈ।

**ਬੀਜ ਦੀ ਸੋਧ :** ਬਿਜਾਈ ਤੋਂ ਤਕਰੀਬਨ 15 ਦਿਨ ਪਹਿਲਾਂ ਮੋਟੀਆਂ ਗੱਠੀਆਂ ਵਿੱਚੋਂ, ਗਿਰੀਆਂ ਹੱਥਾਂ ਨਾਲ ਕੱਢ ਲਉ। ਜੇਕਰ ਗਿਰੀਆਂ ਕੱਢਣ ਵਾਲੀ ਮਸ਼ੀਨ ਹੋਵੇ ਤਾਂ ਇਸ ਨਾਲ ਸਮੇਂ, ਲੇਬਰ ਦੀ ਬਚਤ ਦੇ ਨਾਲ ਕੰਮ ਵੀ ਵੱਧ ਹੁੰਦਾ ਹੈ। ਬਹੁਤ ਛੋਟੀਆਂ, ਸੁੱਕੀਆਂ ਅਤੇ ਬਿਮਾਰੀ ਵਾਲੀਆਂ ਗਿਰੀਆਂ ਬੀਜ ਲਈ ਨਾ ਵਰਤੋਂ। ਸਿਹਤਮੰਦ ਅਤੇ ਨਰੋਈਆਂ ਗਿਰੀਆਂ ਨੂੰ ਛਾਂਟ ਕੇ 2 ਮਿਲੀਲਿਟਰ ਨਿਊਨਿਕਸ 20 ਐਫ ਐਸ (ਇਮਿਡਾਕਲੋਪਰਿਡ 18.5% + ਹੈਕਸਾਕੋਨਾਜੋਲ 1.5%) ਜਾਂ 3.0 ਗ੍ਰਾਮ ਇੰਡੋਫਿਲ ਐਮ-45 (ਮੈਂਕੋਜ਼ੈਬ) ਪ੍ਰਤੀ ਕਿਲੋ ਗਿਰੀਆਂ ਦੇ ਹਿਸਾਬ ਨਾਲ ਸੋਧ ਲਉ। ਨਿਉਨਿਕਸ ਦੇ ਨਾਲ ਬੀਜ ਸੋਧਣ ਤੇ ਜੜ੍ਹਾਂ ਦੇ ਚਿੱਟੇ ਸੁੰਡ ਅਤੇ ਸਿਉਂਕ ਦੀ ਰੋਕਥਾਮ ਵੀ ਹੁੰਦੀ ਹੈ।

**ਬਿਜਾਈ ਦਾ ਸਮਾਂ :** ਬਹਾਰ ਰੁੱਤ ਦੀ ਮੂੰਗਫ਼ਲੀ ਤੋਂ ਚੰਗਾ ਝਾੜ ਲੈਣ ਲਈ ਬਿਜਾਈ ਫ਼ਰਵਰੀ ਦੇ ਦੂਸਰੇ ਪੰਦਰ੍ਹਵਾੜੇ ਤੱਕ ਕਰਨੀ ਚਾਹੀਦੀ ਹੈ। ਜੇਕਰ ਰੌਣੀ ਕਰਕੇ ਬਿਜਾਈ ਨਹੀਂ ਕੀਤੀ ਤਾਂ ਬਿਜਾਈ ਤੋਂ ਤੁਰੰਤ ਬਾਅਦ ਖੇਤ ਵਿੱਚ ਵੱਟਾਂ ਪਾ ਕੇ ਕਿਆਰੇ ਬਣਾ ਲਉ ਤਾਂ ਜੋ ਲੋੜ ਪੈਣ ਤੇ ਹਲਕਾ ਪਾਣੀ ਲਾਇਆ ਜਾ ਸਕੇ।

**ਬੀਜ ਦੀ ਮਾਤਰਾ ਤੇ ਬਿਜਾਈ ਦਾ ਢੰਗ :** ਬਿਜਾਈ ਕੇਰੇ, ਪੋਰੇ ਜਾਂ ਡਰਿੱਲ ਨਾਲ 5 ਸੈਂਟੀਮੀਟਰ ਡੂੰਘਾਈ ਤੇ ਕਰੋ। ਜੇ 87 ਕਿਸਮ ਦੀ ਬਿਜਾਈ ਲਈ 48 ਕਿਲੋ ਗਿਰੀਆਂ ਅਤੇ ਟੀ ਜੀ 37 ਏ ਦੇ ਲਈ 32 ਕਿਲੋ ਗਿਰੀਆਂ ਪ੍ਰਤੀ ਏਕੜ ਦੀ ਵਰਤੋਂ ਕਰੋ। ਕਤਾਰ ਤੋਂ ਕਤਾਰ ਦਾ ਫ਼ਾਸਲਾ 30 (ਸੈਂਟੀਮੀਟਰ) ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 22.5 ਸੈਂਟੀਮੀਟਰ ਰੱਖੋ। ਟੀ ਜੀ 37 ਏ ਦੇ ਲਈ ਕਤਾਰ ਤੋਂ ਕਤਾਰ ਦਾ ਫ਼ਾਸਲਾ 30 (ਸੈਂਟੀਮੀਟਰ) ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 15 ਸੈਂਟੀਮੀਟਰ ਰੱਖੋ।

**ਖਾਦਾਂ :** ਬਹਾਰ ਰੁੱਤ ਦੀ ਮੂੰਗਫ਼ਲੀ ਵਿੱਚ ਸਾਰੀ ਨਾਈਟ੍ਰੋਜਨ (12 ਕਿਲੋ ਯੂਰੀਆ), ਡੀ. ਏ. ਪੀ. (26 ਕਿਲੋ) ਅਤੇ ਪੋਟਾਸ਼ (17 ਕਿਲੋ) ਨੂੰ ਬਿਜਾਈ ਸਮੇਂ ਡਰਿੱਲ ਕਰ ਦਿਉ ਅਤੇ 90 ਕਿਲੋ ਜਿਪਸਮ ਨੂੰ ਦੋ ਬਰਾਬਰ ਕਿਸ਼ਤਾਂ ਵਿੱਚ ਬਿਜਾਈ ਸਮੇਂ ਅਤੇ ਫੁੱਲ ਪੈਣ ਸਮੇਂ ਦਰਮਿਆਨੀਆਂ ਉਪਜਾਊ ਜ਼ਮੀਨਾਂ ਵਿੱਚ ਪਾਉ। ਫ਼ਾਸਫੋਰਸ ਤੱਤ ਲਈ ਸਿੰਗਲ ਸੁਪਰ ਫ਼ਾਸਫੇਟ ਖਾਦ ਨੂੰ ਪਹਿਲ ਦਿਉ ਕਿਉਂਕਿ ਗੰਧਕ ਤੱਤ ਤੇਲ ਬੀਜ ਫ਼ਸਲਾਂ ਦੀ ਗੁਣਵੱਤਾ ਅਤੇ ਝਾੜ ਵਧਾਉਣ ਵਿੱਚ ਸਹਾਈ ਹੁੰਦਾ ਹੈ। ਪੋਟਾਸ਼ ਖਾਦ ਦੀ ਵਰਤੋਂ ਮਿੱਟੀ ਪਰਖ ਦੇ ਅਧਾਰ ਤੇ ਕਰਨੀ ਚਾਹੀਦੀ ਹੈ।

**ਜ਼ਿੰਕ ਦੀ ਘਾਟ :** ਮੂੰਗਫ਼ਲੀ ਵਿੱਚ ਅਕਸਰ ਜ਼ਿੰਕ ਦੀ ਘਾਟ ਆ ਜਾਂਦੀ ਹੈ, ਜਿਸ ਕਾਰਨ ਪੌਦੇ ਦੇ ਉਪਰਲੇ ਅੱਧੇ ਹਿੱਸੇ ਦੇ ਪੱਤੇ ਛੋਟੇ ਆਕਾਰ ਦੇ ਰਹਿ ਜਾਂਦੇ ਹਨ ਅਤੇ ਪੱਤਿਆਂ ਦਾ ਰੰਗ ਹਲਕਾ ਪੀਲਾ ਹੋ ਜਾਂਦਾ ਹੈ। ਜਦੋਂ ਜ਼ਿੰਕ ਦੀ ਘਾਟ ਗੰਭੀਰ ਹੋਵੇ ਤਾਂ ਪੌਦਾ ਪੂਰਾ ਵੱਧਦਾ-ਫੁੱਲਦਾ ਨਹੀਂ ਅਤੇ ਗਿਰੀਆਂ ਸੁੰਗੜ ਜਾਂਦੀਆਂ ਹਨ। ਇਸ ਹਾਲਤ ਵਿੱਚ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਪਾਉ।

**ਨਦੀਨਾਂ ਦੀ ਰੋਕਥਾਮ :** ਨਦੀਨਾਂ ਦੀ ਰੋਕਥਾਮ ਲਈ ਦੋ ਗੋਡੀਆਂ ਬਿਜਾਈ ਤੋਂ 3 ਅਤੇ 6 ਹਫ਼ਤੇ ਬਾਅਦ ਕਰੋ।

**ਸਿੰਚਾਈ :** ਮੂੰਗਫ਼ਲੀ ਨੂੰ ਜ਼ਿਆਦਾ ਪਾਣੀ ਦੀ ਜ਼ਰੂਰਤ ਨਹੀਂ ਹੁੰਦੀ ਹੈ ਪਰ ਦੋ ਜਾਂ ਤਿੰਨ ਪਾਣੀ ਮੌਸਮ ਨੂੰ ਧਿਆਨ ਵਿੱਚ ਰੱਖ ਕੇ ਦੇਣੇ ਚਾਹੀਦੇ ਹਨ। ਜੇਕਰ ਵਰਖਾ ਲੋੜ ਮੁਤਾਬਿਕ ਨਾ ਹੋਵੇ ਤਾਂ ਪਹਿਲਾ ਪਾਣੀ ਫੁੱਲ ਪੈਣ ਸਮੇਂ ਲਾਉ ਅਤੇ ਗੱਠੀਆਂ ਦੇ ਵਾਧੇ ਲਈ 1 ਜਾਂ 2 ਪਾਣੀ ਹੋਰ ਲਾਉ। ਮੂੰਗਫ਼ਲੀ ਦੀ ਪੁਟਾਈ ਅਸਾਨੀ ਨਾਲ ਕਰਨ ਲਈ ਕੁੱਝ ਦਿਨ ਪਹਿਲਾਂ ਇੱਕ ਪਾਣੀ ਲਾਉ।

**ਫ਼ਸਲ ਦੀ ਪੁਟਾਈ ਅਤੇ ਝੜ੍ਹਾਈ :** ਬਹਾਰ ਰੁੱਤ ਦੀ ਫ਼ਸਲ ਜੂਨ ਦੇ ਅਖ਼ੀਰ ਜਾਂ ਜੁਲਾਈ ਦੇ ਸ਼ੁਰੂ ਵਿੱਚ ਪੱਕ ਜਾਂਦੀ

**ਬਾਕੀ ਸਫਾ 6 'ਤੇ**



# ਸਬਰ ਸੰਤੋਖ ਨਾਲ ਭਰਿਆ ਮਨੁੱਖ

'ਸਬਰ ਦਾ ਫ਼ਲ ਮਿੱਠਾ ਹੁੰਦਾ ਹੈ' ਅਕਸਰ ਸੁਣਿਆ ਹੋਵੇਗਾ, ਸਬਰ ਕਰਨਾ ਇੱਕ ਆਤਮ-ਪ੍ਰੀਖਿਆ ਹੈ ਅਤੇ ਇਸ ਵਿੱਚ ਪਾਸ ਹੋਣਾ, ਤੁਹਾਡਾ ਇੱਕ ਸਦਗੁਣ ਹੈ । ਸਫਲਤਾ ਸਿਰਫ਼ ਉਨ੍ਹਾਂ ਨੂੰ ਹੀ ਮਿਲਦੀ ਹੈ ਜੋ ਅਸਫਲਤਾ ਅੱਗੇ ਸਬਰ ਰੱਖਦੇ ਹਨ ਅਤੇ ਨਿਰੰਤਰ ਆਪਣੀ ਮਿਹਨਤ ਜਾਰੀ ਰੱਖਦੇ ਹਨ । ਇਨਸਾਨ ਦੇ ਤਮਾਮ ਗੁਣਾਂ ਵਿੱਚੋਂ ਇੱਕ ਸਬਰ ਵੀ ਹੈ । ਸਬਰ ਜਾਂ ਧੀਰਜ ਮੁਸ਼ਕਲਾਂ ਨੂੰ ਸਹਿਣ ਕਰਨ ਦੀ ਸਮਰੱਥਾ ਨੂੰ ਵਧਾਉਂਦਾ ਹੈ ਅਤੇ ਸਾਨੂੰ ਜ਼ਿੰਦਗੀ ਦਾ ਹੋਰ ਆਨੰਦ ਲੈਣ ਵਿੱਚ ਮਦਦ ਕਰਦਾ ਹੈ । ਇਹ ਤੁਹਾਡੀ ਸਫਲਤਾ ਦੀਆਂ ਸੰਭਾਵਨਾਵਾਂ ਨੂੰ ਕਾਫ਼ੀ ਵਧਾਉਂਦਾ ਹੈ ।

ਸਬਰ ਨੂੰ ਆਪਣੇ ਆਪ ਵਿੱਚ ਪੈਦਾ ਕੀਤਾ ਜਾ ਸਕਦਾ ਹੈ ਅਤੇ ਇਸਦਾ ਅਭਿਆਸ ਕੀਤਾ ਜਾ ਸਕਦਾ ਹੈ । ਇਹ ਉਦੋਂ ਆਉਂਦਾ ਹੈ ਜਦੋਂ ਕੋਈ ਭਾਵਨਾਵਾਂ ਦੀ ਬਜਾਏ ਵਿਚਾਰਾਂ ਦੀ ਕਦਰ ਕਰਦਾ ਹੈ । ਅਸੀਂ ਸਾਰੇ ਜਾਣਦੇ ਹਾਂ ਕਿ ਧੀਰਜ ਸਫਲਤਾ ਲਈ ਜ਼ਰੂਰੀ ਹੈ ਕਿਉਂਕਿ ਇਹ ਸਾਨੂੰ ਆਪਣੇ ਟੀਚਿਆਂ ਅਤੇ ਇੱਛਾਵਾਂ ਨੂੰ ਪ੍ਰਾਪਤ ਕਰਨ ਵਿੱਚ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਸਾਡੀ ਊਰਜਾ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ । ਜਦੋਂ ਅਸੀਂ ਜ਼ਿੰਦਗੀ ਵਿੱਚ ਕੁੱਝ ਮਹੱਤਵਪੂਰਨ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਸਬਰ ਕਰਨਾ ਆਉਣਾ ਚਾਹੀਦਾ ਹੈ । ਇਹ ਇੱਕ ਹੁਨਰ ਹੈ ਜਿਸਨੂੰ ਹਰ ਕਿਸੇ ਨੂੰ ਆਪਣੇ ਆਪ ਵਿੱਚ ਵਿਕਸਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਸਬਰ, ਸੰਜਮ ਦਾ ਅਭਿਆਸ ਹੈ । ਇਹ ਸਾਨੂੰ ਊਰਜਾ, ਤਾਕਤ ਅਤੇ ਉਤਸ਼ਾਹ ਪ੍ਰਦਾਨ ਕਰਦਾ ਹੈ । ਇਸ ਵਿੱਚ ਤੁਹਾਡੀਆਂ ਭਾਵਨਾਵਾਂ ਨੂੰ ਸਮਝਣਾ ਅਤੇ ਸਥਿਤੀ ਦਾ ਵਿਸ਼ਲੇਸ਼ਣ ਕਰਨਾ ਸ਼ਾਮਲ ਹੈ । ਜਦੋਂ ਤੁਸੀਂ ਧੀਰਜ ਰੱਖਦੇ ਹੋ, ਤਾਂ ਤੁਸੀਂ ਰੁਕਦੇ ਹੋ ਅਤੇ ਵਿਆਪਕ ਦ੍ਰਿਸ਼ਟੀਕੋਣ 'ਤੇ ਵਿਚਾਰ ਕਰਦੇ ਹੋ, ਨਾ ਸਿਰਫ਼ ਮੌਜੂਦਾ ਸਮੇਂ ਵਿੱਚ ਤੁਹਾਡੀਆਂ ਕਾਰਵਾਈਆਂ, ਸਗੋਂ ਉਨ੍ਹਾਂ ਦੇ ਭਵਿੱਖ ਦੇ ਨਤੀਜਿਆਂ 'ਤੇ ਵੀ । ਜਦੋਂ ਅਸੀਂ ਚਿੜਚਿੜੇ ਹੁੰਦੇ ਹਾਂ, ਤਾਂ ਸਾਨੂੰ ਧੀਰਜ ਯਾਦ ਰੱਖਣਾ ਚਾਹੀਦਾ ਹੈ । ਇਹ ਇੱਕ ਖ਼ੁਸ਼ਹਾਲ ਅਤੇ ਸ਼ਾਂਤੀਪੂਰਨ ਜੀਵਨ ਲਈ ਰਾਹ ਪੱਧਰਾ ਕਰਦਾ ਹੈ । ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਫਲਤਾ ਲਈ ਸਬਰ ਕਿੰਨਾ ਮਹੱਤਵਪੂਰਨ ਹੈ, ਕਿਉਂਕਿ ਚੰਗੀਆਂ ਚੀਜ਼ਾਂ ਵਿੱਚ ਸਮਾਂ ਲੱਗਦਾ ਹੈ । ਇਹ ਸਾਡੇ ਟੀਚਿਆਂ ਅਤੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ । ਇਹ ਸਾਡੀ ਦ੍ਰਿੜ੍ਹਤਾ ਨੂੰ ਵਧਾਉਂਦਾ ਹੈ ।



**ਗੋਬਿੰਦਰ ਸਿੰਘ ਢੀਂਡਸਾ**
ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)
ਮੋਬਾਇਲ : 92560-66000

ਸਬਰ ਸਾਨੂੰ ਵਧੇਰੇ ਆਸ਼ਾਵਾਦੀ ਸੋਚ ਵਿਕਸਤ ਕਰਨ ਅਤੇ ਬਿਹਤਰ ਫੈਸਲੇ ਲੈਣ ਵਿੱਚ ਮਦਦ ਕਰਦਾ ਹੈ । ਜਦੋਂ ਤੁਸੀਂ ਭਾਵਨਾਵਾਂ ਨਾਲ ਭਰੇ ਹੁੰਦੇ ਹੋ, ਤਾਂ ਤੁਸੀਂ ਸਭ ਤੋਂ ਵਧੀਆ ਫੈਸਲੇ ਨਹੀਂ ਲੈ ਸਕਦੇ । ਤੁਹਾਡਾ ਦਿਮਾਗ ਸੋਚ ਨਹੀਂ ਸਕਦਾ ਕਿਉਂਕਿ ਇਹ ਸਿਰਫ਼ ਤੁਹਾਡੀਆਂ ਭਾਵਨਾਵਾਂ ਨੂੰ ਸਮਝਦਾ ਹੈ, ਜੋ ਪਲ ਭਰ ਲਈ ਤੁਹਾਡੀ ਤਰਕਸੰਗਤ ਸੋਚ ਤੇ ਭਾਰੂ ਹੋ ਸਕਦੀਆਂ ਹਨ । ਇਸ ਲਈ ਤਰਕਸ਼ੀਲ ਫੈਸਲੇ ਲੈਣ ਲਈ ਧੀਰਜ ਬਹੁਤ ਜ਼ਰੂਰੀ ਹੈ ।

ਧੀਰਜ ਦਾ ਇੱਕ ਫਾਇਦਾ ਇਹ ਹੈ ਕਿ ਇਹ ਤੁਹਾਨੂੰ ਤਣਾਅ ਮਹਿਸੂਸ ਕਰਨ ਦੀ ਬਜਾਏ ਆਰਾਮ ਕਰਨ ਦੀ ਆਗਿਆ ਦਿੰਦਾ ਹੈ । ਸਬਰ ਦੀ ਮਹੱਤਤਾ ਅਤੇ ਇਸਦੇ ਅਰਥ ਦੀ ਆਪਣੀ ਵਿਸ਼ਾਲਤਾ ਹੈ । ਇਹ ਚਿੜਚਿੜੇ, ਪਰੇਸ਼ਾਨ ਜਾਂ ਗੁੱਸੇ ਹੋਏ ਬਿਨਾਂ ਉਡੀਕ ਕਰਨ ਦੀ ਯੋਗਤਾ ਹੈ । ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਭੜਕਣ ਅਤੇ ਸ਼ਿਕਾਇਤ ਕਰਨ ਦੀ ਬਜਾਏ ਸੰਜਮ ਦੀ ਵਰਤੋਂ ਕਰਦੇ ਹੋ । ਜਦੋਂ ਚੀਜ਼ਾਂ ਤੁਹਾਡੀ ਉਮੀਦ ਅਨੁਸਾਰ ਨਹੀਂ ਹੁੰਦੀਆਂ ਅਤੇ ਅੰਦਰੂਨੀ ਸ਼ਾਂਤੀ ਪ੍ਰਾਪਤ ਕਰਨਾ ਸਬਰ ਦੀ ਪਹਿਲ ਹੁੰਦੀ ਹੈ । ਸਬਰ ਸੰਤੋਖ ਨਾਲ ਭਰਿਆ ਮਨੁੱਖ ਜ਼ਿੰਦਗੀ ਨੂੰ ਬਿਹਤਰ ਮਾਣਦਾ ਹੈ । ਜੋ ਇਨਸਾਨ ਸਬਰ ਦਾ ਪੱਲਾ ਫੜ੍ਹ ਕੇ ਰੱਖਦੇ ਹਨ ਤਾਂ ਉਹ ਮਾਨਸਿਕ ਤੌਰ ਤੇ ਤਾਂ ਸਿਹਤਮੰਦ ਹੁੰਦੇ ਹੀ ਹਨ ਉੱਥੇ ਹੀ ਆਪਣੀ ਜ਼ਿੰਦਗੀ ਵਿੱਚ ਖ਼ੁਸ਼ਹਾਲੀ ਨੂੰ ਸੱਦਾ ਦਿੰਦੇ ਹਨ ।

ਬਾਕੀ ਸਫਾ 5 ਦੀ

# ਹਲਕੀਆਂ ਜ਼ਮੀਨਾਂ ਤੇ ਬਹਾਰ ਰੁੱਤ ਦੀ ਮੱਕੀ ਦਾ ਬਦਲ ਹੈ ਮੂੰਗਫ਼ਲੀ

ਹੈ । ਬਹਾਰ ਰੁੱਤ ਦੀ ਫ਼ਸਲ ਦਾ ਪਤਰਾਲ ਪੱਕਣ ਸਮੇਂ ਹਰਾ ਹੀ ਰਹਿੰਦਾ ਹੈ । ਬੂਟੇ ਨੂੰ ਪੁੱਟਣ ਉਪਰੰਤ ਜੇ ਦੋ ਤਿਹਾਈ ਗਿਰੀਆਂ ਦਾ ਰੰਗ ਗੁਲਾਬੀ ਅਤੇ ਗੱਠੀਆਂ ਦਾ ਛਿੱਲਕਾ ਅੰਦਰੋਂ ਭੂਰੇ ਜਾਂ ਕਾਲੇ ਰੰਗ ਦਾ ਹੋ ਜਾਵੇ ਤਾਂ ਇਹ ਫ਼ਸਲ ਪੱਕਣ ਦੀ ਨਿਸ਼ਾਨੀ ਹੈ ਅਤੇ ਫ਼ਸਲ ਪੁਟਾਈ ਲਈ ਤਿਆਰ ਹੈ । ਮੂੰਗਫ਼ਲੀ ਪੁੱਟਣ ਅਤੇ ਝਾੜਨ ਲਈ ਟਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਨੇ ਸਿਫ਼ਾਰਿਸ਼ ਕੀਤੀ ਹੈ ਅਤੇ ਮਸ਼ੀਨ ਦੀ ਠੀਕ ਵਰਤੋਂ ਲਈ ਜ਼ਮੀਨ ਵਿੱਚ ਪੂਰੀ ਸਿੱਲ੍ਹ ਹੋਣੀ ਜ਼ਰੂਰੀ ਹੈ । ਦੂਸਰਾ ਇਹ ਹੈ ਕਿ ਫ਼ਸਲ ਬਹੁਤ ਜ਼ਿਆਦਾ ਪੱਕੀ ਨਹੀਂ ਹੋਣੀ ਚਾਹੀਦੀ । ਪੁੱਟੀ ਹੋਈ ਫ਼ਸਲ ਦੇ ਛੋਟੇ-ਛੋਟੇ ਢੇਰਾਂ ਨੂੰ ਦੋ ਦਿਨਾਂ ਲਈ ਖੇਤ ਵਿੱਚ ਪਏ ਰਹਿਣ ਦਿਉ । ਇਸ ਪਿੱਛੋਂ ਫ਼ਸਲ ਨੂੰ ਇੱਕ ਥਾਂ ਇਕੱਠੀ ਕਰਕੇ ਰੋਜ਼ਾਨਾ ਦੋ-ਤਿੰਨ ਵਾਰ, 2-3 ਦਿਨਾਂ ਲਈ ਤਰੰਗਲੀ ਨਾਲ ਝਾੜਦੇ ਰਹੋ ਅਤੇ ਫਿਰ ਉਡਾਈ ਕਰਕੇ ਗੱਠੀਆਂ ਪੱਤਿਆਂ ਨਾਲੋਂ ਵੱਖ ਕਰ ਦਿਉ । ਟਰੈਕਟਰ ਨਾਲ ਚੱਲਣ ਵਾਲਾ ਮੂੰਗਫ਼ਲੀ ਵਾਲਾ ਥਰੈਸ਼ਰ ਵੀ ਵਰਤਿਆ ਜਾ ਸਕਦਾ ਹੈ ਜਿਸ ਨਾਲ ਲੇਬਰ ਅਤੇ ਸਮੇਂ ਦੀ ਬੱਚਤ ਹੁੰਦੀ ਹੈ ।

**ਮੂੰਗਫ਼ਲੀ ਦੀ ਕਾਸ਼ਤ ਹੋਰ ਵਧਾਉਣ ਲਈ ਉਪਰਾਲੇ** : ਮੂੰਗਫ਼ਲੀ ਦੀ ਕਾਸ਼ਤ ਨੂੰ ਫ਼ਸਲੀ ਵਿਭਿੰਨਤਾ ਤਹਿਤ ਹੋਰ ਪ੍ਰਫੁੱਲਤ ਕਰਨ ਲਈ ਨਿਰਦੇਸ਼ਕ ਪਸਾਰ ਸਿੱਖਿਆ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਤੇ ਕ੍ਰਿਸ਼ੀ ਵਿਗਿਆਨ ਕੇਂਦਰ ਕਪੂਰਥਲਾ ਵੱਲੋਂ ਮੂੰਗਫ਼ਲੀ ਦੀ ਕਿਸਮ ਜੇ 87 ਦੀਆਂ ਪ੍ਰਦਰਸ਼ਨੀਆਂ ਵੱਖ-ਵੱਖ ਪਿੰਡਾਂ ਵਿੱਚ 10 ਕਿਸਾਨਾਂ ਦੇ ਲਗਾਈਆਂ ਗਈਆਂ । ਇਸ ਤੋਂ ਇਲਾਵਾ ਪਿੰਡ ਕਮਾਲਪੁਰ ਵਿਖੇ ਮੂੰਗਫ਼ਲੀ ਦੀ ਕਿਸਮ ਜੇ-87 ਦਾ ਖੇਤ ਦਿਵਸ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਮੂੰਗਫ਼ਲੀ ਦੀਆਂ ਪ੍ਰਦਰਸ਼ਨੀਆਂ ਲਗਾਉਣ ਵਾਲੇ ਕਿਸਾਨਾਂ ਨੇ ਵੀ ਭਾਗ ਲਿਆ ।

**ਬਹਾਰ ਰੁੱਤ ਦੀ ਮੂੰਗਫ਼ਲੀ ਦੀਆਂ ਪ੍ਰਦਰਸ਼ਨੀਆਂ ਕਰਨ ਵਾਲੇ ਕਿਸਾਨਾਂ ਦਾ ਤਜ਼ਰਬਾ**

★ ਕਿਸਾਨ ਮਾਸਟਰ ਜਰਨੈਲ ਸਿੰਘ ਪਿੰਡ ਕਮਾਲਪੁਰ, ਤਹਿਸੀਲ ਸੁਲਤਾਨਪੁਰ ਲੋਧੀ ਨੇ ਦੱਸਿਆ ਕਿ ਉਹਨਾਂ ਨੇ ਆਪਣੇ ਖੇਤ ਵਿੱਚ ਜੇ-87 ਮੂੰਗਫ਼ਲੀ ਦੀ ਕਿਸਮ 14 ਫ਼ਰਵਰੀ 2025 ਨੂੰ ਲਗਾਈ ਸੀ ਅਤੇ 15 ਕੁਇੰਟਲ ਪ੍ਰਤੀ ਏਕੜ ਦਾ ਝਾੜ ਪ੍ਰਾਪਤ ਕੀਤਾ । ਮੂੰਗਫ਼ਲੀ ਇੱਕ ਵਾਤਾਵਰਣ ਮਿੱਤਰ ਫ਼ਸਲ ਅਤੇ ਇਸ ਦੀ ਕਾਸ਼ਤ ਨਾਲ ਜਿੱਥੇ ਪਾਣੀ ਦੀ ਬੱਚਤ ਹੁੰਦੀ ਹੈ ਉੱਥੇ ਮਿੱਟੀ ਦੀ ਸਿਹਤ ਵਿੱਚ ਵੀ ਸੁਧਾਰ ਆਉਂਦਾ ਹੈ ।

★ ਕਿਸਾਨ ਸਰਪੰਚ ਸਰਦੂਲ ਸਿੰਘ ਪਿੰਡ ਸਿਆਲ, ਤਹਿਸੀਲ ਸੁਲਤਾਨਪੁਰ ਲੋਧੀ ਨੇ ਵੀ ਮੂੰਗਫ਼ਲੀ ਦੀ ਕਿਸਮ ਜੇ-87 ਦਾ ਚੰਗਾ ਝਾੜ ਪ੍ਰਾਪਤ ਕੀਤਾ ਅਤੇ ਬਹਾਰ ਰੁੱਤ ਦੀ ਮੱਕੀ ਦਾ ਰਕਬਾ ਘਟਾ ਕੇ ਬਹਾਰ ਰੁੱਤ ਦੀ ਮੂੰਗਫ਼ਲੀ ਦਾ ਆਉਣ ਵਾਲੇ ਸਾਲ ਵਿੱਚ ਰਕਬਾ ਵਧਾਉਣ ਲਈ ਕਿਹਾ । ਬਹਾਰ ਰੁੱਤ ਦੀ ਮੂੰਗਫ਼ਲੀ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਵੀ ਨਾਮਾਤਰ ਹੀ ਰਿਹਾ ।

ਬਾਕੀ ਸਫਾ 3 ਦੀ

# ਬਸੰਤ ਰੁੱਤ ਕਮਾਦ ਤੋਂ ਵੱਧ ਮੁਨਾਫੇ ਲਈ ਉਤਪਾਦਨ ਤਕਨੀਕਾਂ

ਬਾਅਦ ਉੱਗਣ ਵਾਲੇ ਨਦੀਨਾਂ ਦੀ ਭਰਮਾਰ ਨੂੰ ਘਟਾਉਣ ਵਿੱਚ ਸਹਾਈ ਹੁੰਦੀ ਹੈ । ਨਦੀਨਾਂ ਦੀ ਸੁਚੱਜੀ ਰੋਕਥਾਮ ਲਈ ਟਰੈਕਟਰ ਨਾਲ ਚੱਲਣ ਵਾਲੇ ਤ੍ਰਿਫਾਲੀ ਜਾਂ ਰੋਟਰੀ ਵੀਡਰ ਨਾਲ 2-3 ਗੋਡੀਆਂ ਕਰੋ ।

ਬਿਜਾਈ ਤੋਂ 2-3 ਦਿਨਾਂ ਦੇ ਅੰਦਰ ਪ੍ਰਤੀ ਏਕੜ 800 ਗ੍ਰਾਮ ਐਟਰਾਟਾਫ / ਸੈਲਾਰੋ / ਮਾਸਟਾਫ / ਮਾਰਕਾਜ਼ੀਨ 50 ਡਬਲਯੂ ਪੀ (ਐਟਰਾਜ਼ੀਨ) ਜਾਂ ਸੈਨਕੋਰ 70 ਡਬਲਯੂ ਪੀ (ਮੈਟਰੀਬਿਊਜ਼ਿਨ) ਜਾਂ ਕਾਰਮੈਕਸ/ਕਲਾਸ 80 ਡਬਲਯੂ ਪੀ (ਡਾਈਯੂਰੋਨ) ਜਾਂ 1000 ਗ੍ਰਾਮ ਅਥਾਰਟੀ ਐਨ ਐਕਸ ਟੀ 58 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਮੌਸਮੀ ਨਦੀਨਾਂ ਦੀ ਰੋਕਥਾਮ ਹੋ ਜਾਂਦੀ ਹੈ । ਜਿਹਨਾਂ ਜ਼ਮੀਨਾਂ ਵਿੱਚ ਸਖਤ ਨਦੀਨ ਜਿਵੇਂ ਕਿ ਬਾਂਸ ਪੱਤੇ ਦੀ ਭਰਮਾਰ ਹੋਵੇ ਉਸ ਦੀ ਰੋਕਥਾਮ ਲਈ ਸੈਨਕੋਰ 70 ਡਬਲਯੂ ਪੀ ਜਾਂ ਕਾਰਮੈਕਸ/ਕਲਾਸ 80 ਡਬਲਯੂ ਪੀ ਹੀ ਵਰਤੋਂ । ਖੜੀ ਫ਼ਸਲ ਵਿੱਚ ਮੌਸਮੀ ਘਾਹ, ਮੋਥੇ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਪ੍ਰਤੀ ਏਕੜ 1200 ਗ੍ਰਾਮ ਟ੍ਰਿਸਕੇਲ ਜਾਂ ਤ੍ਰਿਸ਼ੂਕ (2, 4-ਡੀ ਸੋਡੀਅਮ ਸਾਲਟ 44% + ਮੈਟਰੀਬਿਊਜ਼ਿਨ 35% + ਪਾਈਰੈਜ਼ੋਸਲਫੂਰਾਨ ਈਥਾਈਲ 1.0%) ਡਬਲਯੂ ਡੀ ਜੀ ਜਾਂ 1000 ਗ੍ਰਾਮ ਸਿੰਡੀਕਾ (2, 4-ਡੀ ਸੋਡੀਅਮ ਸਾਲਟ 48% + ਮੈਟਰੀਬਿਊਜ਼ਿਨ 32% + ਕਲੋਰੀਮਿਯੂਰਾਨ ਈਥਾਈਲ 0.8%) ਡਬਲਯੂ ਡੀ ਜੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ, ਜਦੋਂ ਨਦੀਨ 3-5 ਪੱਤਿਆਂ ਦੀ ਅਵਸਥਾ ਵਿੱਚ ਹੋਵੇ, ਤੇ ਛਿੜਕਾਅ ਕਰੋ । ਡੀਲੇ ਦੀ ਰੋਕਥਾਮ ਲਈ ਖੜ੍ਹੀ ਫ਼ਸਲ ਵਿੱਚ 800 ਗ੍ਰਾਮ ਪ੍ਰਤੀ ਏਕੜ 2, 4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਇਹਨਾਂ ਦੀ 3-5 ਪੱਤਿਆਂ ਦੀ ਅਵਸਥਾ ਤੇ ਪ੍ਰਤੀ ਏਕੜ 800 ਗ੍ਰਾਮ 2, 4-ਡੀ ਸੋਡੀਅਮ ਸਾਲਟ 80 ਡਬਲਯੂ ਪੀ ਜਾਂ 400 ਮਿਲੀਲਿਟਰ 2, 4-ਡੀ ਅਮਾਈਨ ਸਾਲਟ 58 ਐਸ ਐਲ ਦਾ ਛਿੜਕਾਅ ਕਰੋ ।

**ਘਾਹ ਫੂਸ ਨਾਲ ਨਮੀ ਦੀ ਸੰਭਾਲ** : ਅੱਧ ਅਪ੍ਰੈਲ ਜਦੋਂ ਕਮਾਦ ਪੂਰੀ ਤਰ੍ਹਾਂ ਉੱਗ ਜਾਵੇ ਤਾਂ ਕਮਾਦ ਦੀਆਂ ਲਾਈਨਾਂ ਵਿਚਕਾਰ ਝੋਨੇ ਦੀ ਪਰਾਲੀ ਜਾਂ ਫੱਕ ਜਾਂ ਕਮਾਦ ਦੀ ਖੋਰੀ ਜਾਂ ਦਰਖਤਾਂ ਦੇ ਪੱਤੇ 20 ਤੋਂ 25 ਕੁਇੰਟਲ ਪ੍ਰਤੀ ਏਕੜ ਦੀ ਤਹਿ ਵਿਛਾ ਦਿਉ । ਜਿਸ ਨਾਲ ਜ਼ਮੀਨ ਦਾ ਤਾਪਮਾਨ ਘੱਟ ਜਾਂਦਾ ਹੈ, ਜ਼ਮੀਨ ਵਿੱਚ ਨਮੀ ਵੀ ਸਾਂਭੀ ਰਹਿੰਦੀ ਹੈ, ਨਦੀਨਾਂ ਦਾ ਵਾਧਾ ਵੀ ਘੱਟ ਜਾਂਦਾ ਹੈ ਅਤੇ ਆਗ ਦਾ ਗੜੂੰਆਂ ਦਾ ਨੁਕਸਾਨ ਵੀ ਘੱਟ ਜਾਂਦਾ ਹੈ ।

**ਸਿੰਚਾਈ ਅਤੇ ਜਲ ਨਿਕਾਸ** : ਗਰਮ ਅਤੇ ਖੁਸ਼ਕ ਮੌਸਮ ਕਰਕੇ ਅਪ੍ਰੈਲ ਤੋਂ ਜੂਨ ਦੌਰਾਨ ਫ਼ਸਲ ਨੂੰ 7-12 ਦਿਨਾਂ ਦੇ ਵਕਫ਼ੇ ਤੇ ਪਾਣੀ ਦਿੰਦੇ ਰਹੋ । ਬਾਰਸ਼ਾਂ ਦੇ ਦਿਨਾਂ ਵਿੱਚ ਜੇਕਰ ਖੇਤ ਵਿੱਚ ਬਾਰਸ਼ਾਂ ਨਾਲ ਬਹੁਤਾ ਪਾਣੀ ਖੜ੍ਹਾ ਹੋ ਜਾਵੇ ਤਾਂ ਉਸ ਨੂੰ ਬਾਹਰ ਕੱਢ ਦਿਓ । ਸਰਦੀਆਂ ਵਿੱਚ (ਨਵੰਬਰ-ਜਨਵਰੀ) ਕਮਾਦ ਨੂੰ ਪਾਣੀ ਇੱਕ ਮਹੀਨੇ ਦੇ ਵਕਫ਼ੇ ਤੇ ਲਗਾਓ । ਜੇ ਕਮਾਦ ਖਾਲੀ ਵਿੱਧੀ ਰਾਹੀਂ ਬੀਜਿਆ ਹੋਵੇ ਤਾਂ ਪਾਣੀ ਕੇਵਲ ਖਾਲੀਆਂ ਵਿੱਚ ਹੀ ਲਗਾਉ । ਤੁਪਕਾ ਸਿੰਚਾਈ ਵਿਧੀ ਨੂੰ ਤਰਜੀਹ ਦਿਉ, ਜੋ ਕਿ ਪਾਣੀ ਦੀ ਬੱਚਤ ਦੇ ਨਾਲ ਖਾਦਾਂ ਦੀ ਸੁਚੱਜੀ ਵਰਤੋਂ ਅਤੇ ਨਦੀਨਾਂ ਦੀ ਭਰਮਾਰ ਨੂੰ ਵੀ ਠੱਲ ਪਾਉਣ ਵਿੱਚ ਹੀ ਸਹਾਈ ਹੁੰਦੀ ਹੈ । ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਇੱਕ ਪਾਣੀ ਦਸੰਬਰ ਦੇ ਅੱਧ ਵਿੱਚ ਅਤੇ ਇੱਕ ਹੋਰ ਪਾਣੀ ਜਨਵਰੀ ਦੇ ਪਹਿਲੇ ਹਫ਼ਤੇ ਲਗਾਓ ।

ਪੱਕਣ ਵੇਲੇ ਕਮਾਦ ਦੀ ਫ਼ਸਲ ਡਿੱਗਣ ਨਾਲ ਇਸਦਾ ਝਾੜ ਅਤੇ ਖੰਡ ਦੀ ਮਾਤਰਾ ਘੱਟ ਜਾਂਦੀ ਹੈ ਅਤੇ ਚੂਹੇ ਦਾ ਹਮਲਾ ਵੀ ਵੱਧ ਹੁੰਦਾ ਹੈ । ਫ਼ਸਲ ਨੂੰ ਡਿੱਗਣ ਤੋਂ ਬਚਾਉਣ ਲਈ ਮੌਨਸੂਨ ਤੋਂ ਪਹਿਲਾਂ, ਜੂਨ ਦੇ ਅੰਤ ਵਿੱਚ ਹੀ ਮਿੱਟੀ ਚੜ੍ਹਾ ਦਿਉ । ਅਗਸਤ ਦੇ ਅੰਤ ਜਾਂ ਸਤੰਬਰ ਦੇ ਸ਼ੁਰੂ ਵਿੱਚ ਫ਼ਸਲ ਦੇ ਮੂਏ ਬੰਨ੍ਹੋ । ਮੂਏ ਬਣਦੇ ਹੋਏ ਧਿਆਨ ਦੇਣ ਯੋਗ ਹੈ ਕਿ, ਦੋ ਕਤਾਰਾਂ ਦੇ ਇਕੱਠੇ ਮੂਏ ਬੰਨ੍ਹਣ ਨਾਲ ਵਧਣ ਵਿੱਚ ਰੁਕਾਵਟ ਪੈਂਦੀ ਹੈ, ਇਸ ਲਈ ਇਕਹਿਰੀ ਕਤਾਰ ਦੇ ਮੂਏਂ ਬੰਨ੍ਹੋ । ਇੱਕ ਕਤਾਰ ਦੇ ਮੂਏਂ ਬੰਨ੍ਹਣ ਲਈ ਕਮਾਦ ਦੇ ਪੱਤਿਆਂ ਨੂੰ ਵੱਟ ਚਾੜ੍ਹ ਕੇ ਰੱਸੀ ਬਣਾ ਕੇ ਇੱਕ ਮੂਆਂ ਛੱਡ ਕੇ ਦੂਸਰੇ ਦੇ ਵਿੱਚੋਂ ਦੀ ਲੰਘਾਉਂਦੇ ਜਾਓ ।

**ਕਮਾਦ ਵਿੱਚ ਅੰਤਰ ਫ਼ਸਲਾਂ ਲਈ ਸਿਫ਼ਾਰਿਸ਼ਾਂ**

| ਸਿਫ਼ਾਰਸ਼ | ਗਰਮ ਰੁੱਤੀ ਮੂੰਗੀ | ਗਰਮ ਰੁੱਤੇ ਮਾਂਹ | ਮੈਂਥਾ | ਭਿੰਡੀ | ਖੀਰਾ |
|---|---|---|---|---|---|
| ਬੀਜ ਦੀ ਮਾਤਰਾ ਕਿਲੋਗ੍ਰਾਮ ਪ੍ਰਤੀ ਏਕੜ | 4.0 | 5.0 | 100.0 (ਜੜ੍ਹਾਂ) | 9.0-11.0 | 1.0 |
| ਬਿਜਾਈ ਦਾ ਸਮਾਂ | 20 ਮਾਰਚ ਤੋਂ 10 ਅਪ੍ਰੈਲ | 15 ਮਾਰਚ ਤੋਂ 7 ਅਪ੍ਰੈਲ | ਫ਼ਰਵਰੀ ਦਾ ਪਹਿਲਾ ਪੰਦਰਵਾੜਾ | ਫ਼ਰਵਰੀ ਦਾ ਦੂਜਾ ਪੰਦਰਵਾੜਾ | ਫ਼ਰਵਰੀ ਦਾ ਦੂਜਾ ਪੰਦਰਵਾੜਾ |
| ਕਤਾਰਾਂ ਦੀ ਗਿਣਤੀ (ਗੰਨੇ ਦੀਆਂ ਦੋ ਕਤਾਰਾਂ ਵਿਚਕਾਰ) | ਇੱਕ | ਇੱਕ | ਇੱਕ | ਦੋ ਕਤਾਰਾਂ 45 ਸੈਂਟੀਮੀਟਰ ਵਕਫੇ ਤੇ | ਇੱਕ |
| ਖਾਦਾਂ (ਕਿਲੋਗ੍ਰਾਮ/ਏਕੜ) ਕਮਾਦ ਦੀ ਫ਼ਸਲ ਲਈ ਸਿਫ਼ਾਰਸ਼ ਕੀਤੀਆਂ ਖਾਦਾਂ ਤੋਂ ਇਲਾਵਾ | - | - | 18 ਕਿਲੋ ਨਾਈਟ੍ਰੋਜਨ (39 ਕਿਲੋ ਯੂਰੀਆ) ਅਤੇ 10 ਕਿਲੋ ਫ਼ਾਸਫੋਰਸ (62 ਕਿਲੋ ਸਿੰਗਲ ਸੁਪਰਫ਼ਾਸਫੇਟ) | 36 ਕਿਲੋ ਨਾਈਟ੍ਰੋਜਨ (80 ਕਿਲੋ ਯੂਰੀਆ) | 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿਲੋ ਫ਼ਾਰਫੋਰਸ (125 ਕਿਲੋ ਸੁਪਰਫ਼ਾਸਫੇਟ) ਅਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ਼ ਪੋਟਾਸ਼) |

ਹਰਪ੍ਰੀਤ ਕੌਰ ਵਿਰਕ ਅਤੇ
ਆਰ ਕੇ ਗਿੱਲ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ
ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋ. 81460-80300)





## ਮਿੱਟੀ ਦੀ ਸਿਹਤ ਅਤੇ ਪੌਸ਼ਟਿਕ ਸੁਰੱਖਿਆ ਵਧਾਉਣ ਲਈ

# ਗਰਮ ਰੁੱਤ ਦੀਆਂ ਦਾਲਾਂ ਬੀਜੋ

ਦਾਲਾਂ ਦੁਨੀਆ ਭਰ ਵਿੱਚ ਖਾਧੀਆਂ ਜਾਂਦੀਆਂ ਹਨ ਅਤੇ ਇਹ ਸ਼ਾਕਾਹਾਰੀ ਪ੍ਰੋਟੀਨ ਦਾ ਬਹੁਤ ਹੀ ਵਧੀਆ ਸਰੋਤ ਹਨ। ਪੰਜਾਬ ਵਿੱਚ ਵੱਧਦੀ ਆਬਾਦੀ ਅਤੇ ਲੋੜ ਤੋਂ ਵੱਧ ਵਰਤੋਂ ਕਰਨ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਥੱਲੇ ਜਾ ਰਿਹਾ ਹੈ। ਇਸ ਹਾਲਤ ਵਿੱਚ ਗਰਮ ਰੁੱਤ ਦੀ ਮੂੰਗੀ (60-65 ਦਿਨ) ਅਤੇ ਮਾਂਹ (70-75 ਦਿਨ) ਵਰਗੀਆਂ ਘੱਟ ਸਮਾਂ ਲੈਣ ਵਾਲੀਆਂ ਦਾਲਾਂ, ਗਰਮ ਰੁੱਤ ਦੀ ਮੱਕੀ ਨਾਲੋਂ ਵਧੀਆ ਅਤੇ ਟਿਕਾਊ ਵਿਕਲਪ ਹਨ।

ਦਾਲਾਂ ਫਲੀਦਾਲ ਫ਼ਸਲਾਂ ਹਨ, ਸੋ ਮਿੱਟੀ ਵਿੱਚ ਤਕਰੀਬਨ 25 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਹਵਾ ਵਿੱਚੋਂ ਜ਼ਮੀਨ ਵਿੱਚ ਜਜ਼ਬ ਕਰਦੀਆਂ ਹਨ। ਫ਼ਲੀਆਂ ਤੋੜਨ ਤੋਂ ਬਾਅਦ ਦਾਲਾਂ ਦੇ ਨਾੜ ਨੂੰ ਖੇਤ ਵਿੱਚ ਵਾਹੁਣ ਨਾਲ ਲਗਭਗ 20-25 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਮਿਲਦੀ ਹੈ। ਇਸ ਨਾਲ ਅਗਲੀ ਫ਼ਸਲ ਵਿੱਚ 1/3 ਹਿੱਸਾ ਨਾਈਟ੍ਰੋਜਨ (ਤਕਰੀਬਨ 30 ਕਿਲੋ ਯੂਰੀਆ ਪ੍ਰਤੀ ਏਕੜ) ਦੀ ਬੱਚਤ ਹੁੰਦੀ ਹੈ। ਮੌਜੂਦਾ ਸਬਸਿਡੀ ਵਾਲੀ ਕੀਮਤ (ਰੁਪਏ 5.9 ਪ੍ਰਤੀ ਕਿਲੋ) ਮੁਤਾਬਕ, ਇਹ ਬਚਤ ਕਰੀਬ ਰੁਪਏ 150 ਪ੍ਰਤੀ ਏਕੜ ਬਣਦੀ ਹੈ।

**ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : ਮੂੰਗੀ ਦੇ ਬੀਜ ਨੂੰ ਮਿਸ਼ਰਤ ਜੀਵਾਣੂੰ ਖਾਦ ਦੇ ਟੀਕੇ ਦਾ ਇੱਕ ਪੈਕਟ (ਰਾਈਜ਼ੋਬੀਅਮ ਐੱਲ ਐੱਸ ਐੱਮ ਆਰ-1 ਅਤੇ ਰਾਈਜ਼ੋਬੈਕਟੀਰੀਅਮ ਆਰ ਬੀ-3) ਅਤੇ ਮਾਂਹ ਦੇ ਬੀਜ ਨੂੰ ਰਾਈਜ਼ੋਬੀਅਮ (ਐੱਲ ਯੂ ਆਰ-6) ਦੇ ਟੀਕੇ ਦਾ ਇੱਕ ਪੈਕਟ ਲਾ ਕੇ ਬੀਜਣਾ ਚਾਹੀਦਾ ਹੈ। ਟੀਕਾ ਲਗਾਉਣ ਤੋਂ ਇੱਕ ਘੰਟੇ ਦੇ ਅੰਦਰ ਬੀਜ ਦੀ ਬਿਜਾਈ ਕਰ ਲੈਣੀ ਚਾਹੀਦੀ ਹੈ। ਇਸ ਨਾਲ ਝਾੜ ਵਿੱਚ ਵਾਧਾ ਹੁੰਦਾ ਹੈ।

**ਬਿਜਾਈ ਦਾ ਸਮਾਂ ਅਤੇ ਢੰਗ** : ਪੂਰਾ ਝਾੜ ਲੈਣ ਲਈ ਬਿਜਾਈ ਸਹੀ ਸਮੇਂ ਤੇ ਹੋਣੀ ਬਹੁਤ ਜ਼ਰੂਰੀ ਹੈ। ਗਰਮ ਰੁੱਤ ਦੀ ਮੂੰਗੀ ਦੀ ਬਿਜਾਈ 20 ਮਾਰਚ ਤੋਂ 10 ਅਪ੍ਰੈਲ ਤੱਕ ਅਤੇ ਮਾਂਹ ਦੀ 15 ਮਾਰਚ ਤੋਂ ਪਹਿਲੇ ਹਫ਼ਤੇ ਤੱਕ ਕੀਤੀ ਜਾ ਸਕਦੀ ਹੈ। ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਅਪ੍ਰੈਲ ਦੇ ਤੀਜੇ ਹਫ਼ਤੇ ਤੱਕ ਵੀ ਕੀਤੀ ਜਾ ਸਕਦੀ ਹੈ ਪਰੰਤੂ ਪਿਛੇਤੀ ਬਿਜਾਈ ਨਾਲ ਇਸ ਦੇ ਪੱਕਣ ਸਮੇਂ ਮੀਂਹ ਪੈਣ ਦਾ ਖਤਰਾ ਰਹਿੰਦਾ ਹੈ।

**ਬੀਜ ਦੀ ਮਾਤਰਾ** : ਗਰਮ ਰੁੱਤ ਦੀ ਮੂੰਗੀ ਦੀ ਕਿਸਮ ਐੱਸ ਐੱਮ ਐੱਲ 608 ਲਈ 15 ਕਿਲੋ, ਐੱਸ ਐੱਮ ਐੱਲ 1827, ਟੀ ਐੱਮ ਬੀ 37 ਅਤੇ ਐੱਸ ਐੱਮ ਐੱਲ 832 ਲਈ 12 ਕਿਲੋ ਬੀਜ ਪ੍ਰਤੀ ਏਕੜ ਬਿਜਾਈ ਲਈ ਕਾਫ਼ੀ ਹੁੰਦਾ ਹੈ। ਪਰੰਤੂ ਗਰਮ ਰੁੱਤ ਦੇ ਮਾਂਹ ਲਈ 20 ਕਿਲੋ ਬੀਜ ਪ੍ਰਤੀ ਏਕੜ ਵਰਤਣਾ ਚਾਹੀਦਾ ਹੈ। ਇਹਨਾਂ ਦੀ ਬਿਜਾਈ ਲਈ ਕਤਾਰ ਤੋਂ ਕਾਤਰ ਦਾ ਫ਼ਾਸਲਾ 22.5 ਸੈਂਟੀਮੀਟਰ ਹੋਣਾ ਚਾਹੀਦਾ ਹੈ। ਬਿਜਾਈ ਡਰਿੱਲ ਨਾਲ 4-6 ਸੈਂਟੀਮੀਟਰ ਡੂੰਘਾਈ ਤੇ ਕਰਨੀ ਚਾਹੀਦੀ ਹੈ।

**ਬਿਜਾਈ ਦਾ ਢੰਗ** : ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਕਣਕ ਦੀ ਵਾਢੀ ਤੋਂ ਬਾਅਦ ਸਮੇਂ ਸਿਰ ਕਰਨ ਲਈ ਇਸਦੀ ਬਿਜਾਈ ਬਿਨਾਂ ਵਹਾਈ ਜ਼ੀਰੋ ਟਿੱਲ ਡਰਿੱਲ ਨਾਲ ਕੀਤੀ ਜਾ ਸਕਦੀ ਹੈ। ਜੇ ਕਣਕ ਦਾ ਨਾੜ ਖੇਤ ਵਿੱਚ ਹੋਵੇ ਤਾਂ ਮੂੰਗੀ ਦੀ ਬਿਜਾਈ ਹੈਪੀ ਸੀਡਰ ਨਾਲ ਕੀਤੀ ਜਾ ਸਕਦੀ ਹੈ।

ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਉੱਤੇ ਮੂੰਗੀ ਦੀ ਬਿਜਾਈ ਲਈ ਵਰਤੇ ਜਾਣ ਵਾਲੇ ਬੈੱਡ ਪਲਾਂਟਰ ਅਤੇ ਬੈੱਡ ਉੱਤੇ ਕੀਤੀ ਜਾ ਸਕਦੀ ਹੈ। ਮੂੰਗੀ ਦੀਆਂ ਦੋ ਕਤਾਰਾਂ ਦੀ ਬਿਮਾਰੀ 20 ਸੈਂਟੀਮੀਟਰ ਦੇ ਫਾਸਲੇ ਤੇ 67.5 ਸੈਂਟੀਮੀਟਰ ਵਿੱਥ ਦੇ ਬੈੱਡਾਂ (37.5 ਸੈਂਟੀਮੀਟਰ ਬੈੱਡ ਦਾ ਉਪਰਲਾ ਹਿੱਸਾ ਤੇ 30 ਸੈਂਟੀਮੀਟਰ ਖਾਲੀ) ਉੱਤੇ ਕਰਨੀ ਚਾਹੀਦੀ ਹੈ। ਇਸ ਨਾਲ 20-30% ਪਾਣੀ ਦੀ ਬੱਚਤ ਹੁੰਦੀ ਹੈ।

**ਖਾਦਾਂ** : ਫ਼ਸਲ ਦੇ ਵਾਧੇ ਲਈ ਪੌਸ਼ਟਿਕ ਤੱਤਾਂ ਦੀ ਬਹੁਤ ਲੋੜ ਹੁੰਦੀ ਹੈ ਪਰੰਤੂ ਦਾਲਾਂ ਵਿੱਚ ਜ਼ਿਆਦਾ ਨਾਈਟ੍ਰੋਜਨ ਪਾਉਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਇਹ ਫ਼ਸਲਾਂ ਹਵਾ ਵਿੱਚੋਂ ਨਾਈਟ੍ਰੋਜਨ ਪ੍ਰਾਪਤ ਕਰਨ ਦੀ ਸਮਰੱਥਾ ਰੱਖਦੀਆਂ ਹਨ। ਗਰਮ ਰੁੱਤ ਦੀ ਮੂੰਗੀ ਨੂੰ 5 ਕਿਲੋ ਨਾਈਟ੍ਰੋਜਨ (11 ਕਿਲੋ ਯੂਰੀਆ) ਅਤੇ 16 ਕਿਲੋ ਫ਼ਾਸਫੋਰਸ (100 ਕਿਲੋ ਸਿੰਗਲ ਸੁਪਰਫ਼ਾਸਫੇਟ) ਅਤੇ ਮਾਂਹ ਨੂੰ 5 ਕਿਲੋ ਨਾਈਟ੍ਰੋਜਨ (11 ਕਿਲੋ ਯੂਰੀਆ) ਅਤੇ 10 ਕਿਲੋ ਫ਼ਾਸਫੋਰਸ (60 ਕਿਲੋ ਸਿੰਗਲ ਸੁਪਰਫ਼ਾਸਫੇਟ) ਪ੍ਰਤੀ ਏਕੜ ਬਿਜਾਈ ਵੇਲੇ ਪਾਉਣੀ ਚਾਹੀਦੀ ਹੈ। ਗਰਮ ਰੁੱਤ ਦੀ ਮੂੰਗੀ ਨੂੰ ਕੋਈ ਖਾਦ ਪਾਉਣ ਦੀ ਜ਼ਰੂਰਤ ਨਹੀਂ ਹੈ ਜੇਕਰ ਇਸ ਦੀ ਬਿਜਾਈ ਆਲੂਆਂ ਤੋਂ ਬਾਅਦ ਮੱਕੀ/ਝੋਨਾ-ਆਲੂ-ਗਰਮ ਰੁੱਤ ਮੂੰਗੀ ਦੇ ਫ਼ਸਲੀ ਚੱਕਰ ਵਿੱਚ ਕਰਨੀ ਹੋਵੇ।

**ਉੱਨਤ ਕਿਸਮਾਂ** : ਗਰਮ ਰੁੱਤ ਦੀਆਂ ਦਾਲਾਂ ਦੀਆਂ ਸਿਫ਼ਾਰਸ਼ ਉੱਨਤ ਕਿਸਮਾਂ

| ਫ਼ਸਲ | ਕਿਸਮ | ਪੱਕਣ ਦਾ ਸਮਾਂ (ਦਿਨ) | ਔਸਤਨ ਝਾੜ (ਕੁਇੰਟਲ ਪ੍ਰਤੀ ਏਕੜ) |
|---|---|---|---|
| ਮੂੰਗੀ | ਐੱਸ ਐੱਮ ਐੱਲ 1827, ਐੱਸ ਐੱਮ ਐੱਲ 832 ਅਤੇ ਐੱਸ ਐੱਲ ਐੱਲ 668 | 60-62 | 4.5-5.0 |
| ਮਾਂਹ | ਮਾਂਹ 1137 ਅਤੇ ਮਾਂਹ 1008 | 72-75 | 4.2-4.5 |

# ਏ.ਆਈ. ਕਿਵੇਂ ਬਦਲ ਸਕਦੀ ਹੈ ਭਾਰਤ ਦੇ ਕਿਸਾਨਾਂ ਦੀ ਤਕਦੀਰ

ਭਾਰਤ ਵਿੱਚ ਹੁਣ ਏ.ਆਈ. ਭਾਵ ਆਰਟੀਫ਼ੀਸ਼ੀਅਲ ਇੰਟੈਲੀਜੈਂਸ 'ਤੇ ਚਰਚਾ ਸਿਰਫ ਨਵੀਂ ਤਕਨੀਕ ਦੇ ਰੂਪ ਵਿੱਚ ਨਹੀਂ ਹੋ ਰਹੀ। ਧਿਆਨ ਇਸ ਗੱਲ 'ਤੇ ਜਾ ਰਿਹਾ ਹੈ ਕਿ ਏ. ਆਈ. ਆਮ ਲੋਕਾਂ ਦੀਆਂ ਅਸਲੀ ਸਮੱਸਿਆਵਾਂ ਕਿਵੇਂ ਹੱਲ ਕਰ ਸਕਦੀ ਹੈ। ਖੇਤੀਬਾੜੀ ਅਤੇ ਖੁਰਾਕ ਖੇਤਰ ਇਸ ਦੀ ਸਭ ਤੋਂ ਵੱਡੀ ਮਿਸਾਲ ਹਨ, ਕਿਉਂਕਿ ਇੱਥੇ ਸਮੱਸਿਆਵਾਂ ਛੋਟੀਆਂ ਨਹੀਂ, ਸਗੋਂ ਪੂਰੀ ਵਿਵਸਥਾ ਨਾਲ ਜੁੜੀਆਂ ਹੋਈਆਂ ਹਨ। ਇੱਥੇ ਕੋਈ ਵੀ ਤਕਨੀਕ ਉਦੋਂ ਹੀ ਸਫਲ ਹੋਵੇਗੀ, ਜਦੋਂ ਉਹ ਮੌਸਮ, ਢੋਆ-ਢੁਆਈ ਅਤੇ ਬਾਜ਼ਾਰ ਵਰਗੀਆਂ ਸਥਾਨਕ ਹਾਲਤਾਂ ਨੂੰ ਸਮਝੇਗੀ।

ਭਾਰਤ ਇੰਨਾ ਅਨਾਜ ਪੈਦਾ ਕਰਦਾ ਹੈ ਕਿ ਪੂਰੀ ਆਬਾਦੀ ਦਾ ਪੇਟ ਭਰ ਸਕੇ, ਫਿਰ ਵੀ ਹਰ ਸਾਲ ਕਰੀਬ 6.8 ਕਰੋੜ ਟਨ ਖਾਣਾ ਬਰਬਾਦ ਹੋ ਜਾਂਦਾ ਹੈ। ਕਟਾਈ ਤੋਂ ਬਾਅਦ 35 ਤੋਂ 40 ਫੀਸਦੀ ਫਲ ਅਤੇ ਸਬਜ਼ੀਆਂ ਖਰਾਬ ਹੋ ਜਾਂਦੀਆਂ ਹਨ। ਇਹ ਸਮੱਸਿਆ ਪੈਦਾਵਾਰ ਦੀ ਕਮੀ ਦੀ ਨਹੀਂ, ਸਗੋਂ ਸਹੀ ਸਮੇਂ 'ਤੇ ਸਹੀ ਜਾਣਕਾਰੀ ਅਤੇ ਬਿਹਤਰ ਵਿਵਸਥਾ ਨਾ ਹੋਣ ਦੀ ਹੈ। ਭਾਵ ਖੇਤ ਤੋਂ ਬਾਜ਼ਾਰ ਤੱਕ ਤਾਲਮੇਲ ਦੀ ਕਮੀ ਹੈ ਅਤੇ ਫੈਸਲੇ ਸਮੇਂ ਸਿਰ ਨਹੀਂ ਹੁੰਦੇ। ਅਜਿਹੇ ਵਿੱਚ ਭਾਰਤੀ ਹਾਲਾਤ ਅਨੁਸਾਰ ਬਣਾਈ ਗਈ ਏ. ਆਈ. ਇਸ ਨੁਕਸਾਨ ਨੂੰ ਘੱਟ ਕਰਨ ਵਿੱਚ ਵੱਡੀ ਭੂਮਿਕਾ ਨਿਭਾਅ ਸਕਦੀ ਹੈ।

ਕਿਊਜ਼ੇਂਸ ਲੈਬਸ ਵਿੱਚ ਅਸੀਂ ਇਸ ਗੱਲ 'ਤੇ ਗੌਰ ਕੀਤਾ ਕਿ ਭਾਰਤ ਦੀ ਡਿਜੀਟਲ ਵਿਵਸਥਾ ਨੇ ਭੁਗਤਾਨ, ਪਛਾਣ ਅਤੇ ਸੇਵਾਵਾਂ ਨੂੰ ਬਦਲ ਦਿੱਤਾ ਹੈ, ਪਰ ਖਾਣੇ ਦੇ ਖੇਤਰ ਵਿੱਚ ਗੁਣਵੱਤਾ ਦੀ ਜਾਂਚ ਅਜੇ ਵੀ ਪੁਰਾਣੇ ਤਰੀਕਿਆਂ ਨਾਲ ਹੁੰਦੀ ਹੈ। ਇਸੇ ਸੋਚ ਨਾਲ ਅਸੀਂ Q-Scan ਨਾਂ ਦੀ ਏ. ਆਈ. ਤਕਨੀਕ ਵਿਕਸਿਤ ਕੀਤੀ, ਜੋ ਇਨਫਰਾਰੈਡ ਤਕਨੀਕ ਅਤੇ 'ਬਨਾਉਟੀ ਸੁੰਘਣ' ਦੀ ਮਦਦ ਨਾਲ ਫਲ-ਸਬਜ਼ੀਆਂ ਦੀ ਅੰਦਰੂਨੀ ਗੁਣਵੱਤਾ ਪਛਾਣ ਕੇ ਤੁਰੰਤ ਕੰਮ ਆਉਣ ਵਾਲੀ ਜਾਣਕਾਰੀ ਦਿੰਦੀ ਹੈ। ਉਦਾਹਰਣ ਵਜੋਂ, ਕੋਈ ਫ਼ਲ ਜਾਂ ਸਬਜ਼ੀ ਕਿੰਨੇ ਦਿਨ ਤੱਕ ਚੱਲ ਸਕਦੀ ਹੈ, ਕਿੰਨੇ ਦਿਨ ਸਟੋਰ ਕਰ ਸਕਦੇ ਹਾਂ ਆਦਿ। ਇਸ ਦਾ ਮਕਸਦ ਘੱਟ ਮੁਨਾਫੇ 'ਤੇ ਕੰਮ ਕਰਨ ਵਾਲੇ ਕਿਸਾਨਾਂ, ਦੁਕਾਨਦਾਰਾਂ ਅਤੇ ਗਾਹਕਾਂ ਦੀ ਉਲਝਣ ਘੱਟ ਕਰਨਾ ਹੈ।

ਅਨੁਭਵ ਦੱਸਦੇ ਹਨ ਕਿ ਏ. ਆਈ. ਉਦੋਂ ਹੀ ਸਫਲ ਹੋਵੇਗੀ, ਜਦੋਂ ਉਹ ਭਾਰਤ ਦੀਆਂ ਅਸਲੀ ਹਾਲਤਾਂ ਨੂੰ ਸਮਝੇਗੀ। ਵਿਦੇਸ਼ਾਂ ਦੇ ਡਾਟਾ 'ਤੇ ਬਣੇ ਮਾਡਲ ਭਾਰਤ ਵਰਗੇ ਵੰਨ-ਸੁਵੰਨਤਾ ਵਾਲੇ ਦੇਸ਼ ਵਿੱਚ ਅਕਸਰ ਸਹੀ ਕੰਮ ਨਹੀਂ ਕਰਦੇ, ਕਿਉਂਕਿ ਹਰ ਖੇਤਰ ਵਿੱਚ ਫ਼ਸਲ, ਮੌਸਮ, ਭੰਡਾਰਨ ਅਤੇ ਬਾਜ਼ਾਰ ਵੱਖੋ-ਵੱਖਰੇ ਹਨ। ਜੇਕਰ ਏ. ਆਈ. ਭਾਰਤੀ ਹਾਲਾਤ ਨੂੰ ਨਹੀਂ ਸਮਝੇਗੀ, ਤਾਂ ਉਹ ਬੇਕਾਰ ਸਾਬਤ ਹੋ ਸਕਦੀ ਹੈ ਜਾਂ ਗਲਤ ਨਤੀਜੇ ਵੀ ਦੇ ਸਕਦੀ ਹੈ। ਇਸੇ ਕਾਰਨ ਸਵਦੇਸ਼ੀ ਏ. ਆਈ. 'ਤੇ ਜ਼ੋਰ ਦੇਣਾ ਸਮੇਂ ਦੀ ਲੋੜ ਹੈ। ਸਰਕਾਰ ਦੀ IndiaAI Mission ਪਹਿਲ ਦਿਖਾਉਂਦੀ ਹੈ ਕਿ ਹੁਣ ਏ. ਆਈ. ਨੂੰ ਸਿਰਫ ਉੱਨਤ ਤਕਨੀਕ ਨਹੀਂ, ਸਗੋਂ ਦੇਸ਼ ਦੇ ਵਿਕਾਸ ਦਾ ਜ਼ਰੂਰੀ ਸਾਧਨ ਮੰਨਿਆ ਜਾ ਰਿਹਾ ਹੈ। ਭਾਰਤੀ ਡਾਟਾ, ਦੇਸ਼ ਵਿੱਚ ਬਣੇ ਹੱਲ ਅਤੇ ਵੱਖ-ਵੱਖ ਖੇਤਰਾਂ ਲਈ ਖਾਸ ਤਕਨੀਕ ਨੂੰ ਉਤਸ਼ਾਹਿਤ ਕਰਕੇ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ, ਜਿੱਥੇ ਨਵੀਨਤਾ ਸਿੱਧੇ ਲੋਕਾਂ ਦੀਆਂ ਲੋੜਾਂ ਨਾਲ ਜੁੜੀ ਹੋਵੇ।

ਖੁਰਾਕ ਅਤੇ ਖੇਤੀਬਾੜੀ ਦਾ ਖੇਤਰ ਦੱਸਦਾ ਹੈ ਕਿ ਇਹ ਕਿਉਂ ਜ਼ਰੂਰੀ ਹੈ। ਜੇਕਰ ਕਟਾਈ ਤੋਂ ਬਾਅਦ ਹੋਣ ਵਾਲਾ ਨੁਕਸਾਨ ਘੱਟ ਹੋ ਜਾਵੇ, ਤਾਂ ਕਿਸਾਨਾਂ ਦੀ ਆਮਦਨ ਵਧੇਗੀ, ਖਾਣੇ ਦੀਆਂ ਕੀਮਤਾਂ ਸਥਿਰ ਰਹਿਣਗੀਆਂ ਅਤੇ ਪਾਣੀ, ਜ਼ਮੀਨ ਅਤੇ ਊਰਜਾ ਦੀ ਬੱਚਤ ਹੋਵੇਗੀ। ਇਸ ਨਾਲ ਵਾਤਾਵਰਣ ਨੂੰ ਵੀ ਫਾਇਦਾ ਮਿਲੇਗਾ ਅਤੇ ਪੂਰੀ ਵਿਵਸਥਾ ਜ਼ਿਆਦਾ ਮਜ਼ਬੂਤ ਬਣੇਗੀ। ਇੱਕ ਹੋਰ ਜ਼ਰੂਰੀ ਪਹਿਲੂ ਹੈ ਸਭ ਦੀ ਹਿੱਸੇਦਾਰੀ। ਏ. ਆਈ. ਅਜਿਹੀ ਹੋਣੀ ਚਾਹੀਦੀ ਹੈ,



ਜੋ ਛੋਟੇ ਕਿਸਾਨਾਂ, ਸਥਾਨਕ ਭਾਸ਼ਾਵਾਂ ਅਤੇ ਛੋਟੇ ਬਾਜ਼ਾਰਾਂ ਵਿੱਚ ਵੀ ਆਸਾਨੀ ਨਾਲ ਕੰਮ ਕਰ ਸਕੇ। ਜਿਹੜੀ ਤਕਨੀਕ ਲੋਕਾਂ 'ਤੇ ਫੈਸਲੇ ਥੋਪੇਗੀ, ਉਸ 'ਤੇ ਭਰੋਸਾ ਨਹੀਂ ਬਣੇਗਾ, ਪਰ ਜਿਹੜੀ ਤਕਨੀਕ ਲੁਕਵੀਂ ਜਾਣਕਾਰੀ ਨੂੰ ਆਸਾਨ ਤਰੀਕੇ ਨਾਲ ਸਾਹਮਣੇ ਲਿਆ ਕੇ ਬਿਹਤਰ ਫੈਸਲੇ ਲੈਣ ਵਿੱਚ ਮਦਦ ਕਰੇਗੀ, ਉਹੀ ਲੰਬੇ ਸਮੇਂ ਤੱਕ ਟਿਕੇਗੀ ਅਤੇ ਫੈਲ ਸਕੇਗੀ।

16 ਤੋਂ 20 ਫਰਵਰੀ, 2026 ਨੂੰ ਨਵੀਂ ਦਿੱਲੀ ਵਿੱਚ ਹੋਣ ਵਾਲਾ 'India AI Impact Summit' ਅਜਿਹੇ ਸਮੇਂ 'ਤੇ ਹੋ ਰਿਹਾ ਹੈ, ਜਦੋਂ ਦੁਨੀਆਂ ਏ. ਆਈ. ਦੇ ਅਸਰ 'ਤੇ ਗੰਭੀਰ ਚਰਚਾ ਕਰ ਰਹੀ ਹੈ। ਭਾਰਤ ਕੋਲ ਮੌਕਾ ਹੈ ਕਿ ਉਹ ਅਜਿਹਾ ਰਸਤਾ ਦਿਖਾਏ, ਜਿੱਥੇ ਏ. ਆਈ. ਆਮ ਲੋਕਾਂ ਦੇ ਕੰਮ ਆਵੇ, ਸਥਾਨਕ ਲੋੜਾਂ ਨੂੰ ਸਮਝੇ ਅਤੇ ਅਸਲੀ ਆਰਥਿਕ ਵਿਵਸਥਾ ਨਾਲ ਜੁੜੀ ਹੋਵੇ। ਖੇਤੀਬਾੜੀ, ਖੁਰਾਕ ਸਪਲਾਈ ਅਤੇ ਜਲਵਾਯੂ ਨਾਲ ਜੁੜੀਆਂ ਚੁਣੌਤੀਆਂ ਇਸ ਦਿਸ਼ਾ ਦੇ ਕੇਂਦਰ ਵਿੱਚ ਹਨ।

ਇਹ ਵੀ ਸਮਝਣਾ ਜ਼ਰੂਰੀ ਹੈ ਕਿ ਏ. ਆਈ. ਆਪਣੇ-ਆਪ ਬਦਲਾਅ ਨਹੀਂ ਲਿਆਉਂਦੀ। ਇਸ ਦੇ ਲਈ ਸਹੀ ਸਮਝ, ਸਹੀ ਨੀਤੀ ਅਤੇ ਮਿਲ ਕੇ ਕੰਮ ਕਰਨਾ ਪੈਂਦਾ ਹੈ, ਪਰ ਜਦੋਂ ਇਸ ਨੂੰ ਸਹੀ ਤਰੀਕੇ ਨਾਲ ਅਪਣਾਇਆ ਜਾਂਦਾ ਹੈ, ਤਾਂ ਇਹ ਬਿਨਾਂ ਰੌਲੇ ਦੇ ਵੱਡੇ ਬਦਲਾਅ ਲਿਆ ਸਕਦੀ ਹੈ।

'ਇੰਪੈਕਟ ਸਮਿੱਟ' ਦੇ ਮੱਦੇਨਜ਼ਰ ਅਸਲੀ ਚੁਣੌਤੀ ਏ. ਆਈ. ਨੂੰ ਤੇਜ਼ੀ ਨਾਲ ਅਪਣਾਉਣ ਦੀ ਨਹੀਂ, ਸਗੋਂ ਸੋਚ-ਸਮਝ ਕੇ ਸਹੀ ਥਾਂ 'ਤੇ ਵਰਤਣ ਦੀ ਹੈ। ਅਖੀਰ ਵਿੱਚ ਸਫਲਤਾ ਦਾ ਅਸਲੀ ਪੈਮਾਨਾ ਇਹੀ ਹੋਣਾ ਚਾਹੀਦਾ ਹੈ ਕਿ ਕੀ ਏ. ਆਈ. ਨਾਲ ਭੋਜਨ ਦੀ ਬਰਬਾਦੀ ਘੱਟ ਹੁੰਦੀ ਹੈ, ਕੀ ਕਿਸਾਨਾਂ ਦੀ ਆਮਦਨ ਵਧਦੀ ਹੈ ਅਤੇ ਕੀ ਦੇਸ਼ ਦੀ ਅਰਥਵਿਵਸਥਾ ਮਜ਼ਬੂਤ ਹੁੰਦੀ ਹੈ।

**- ਰੂਬਲ ਚਿਬ, ਸਹਿ-ਸੰਸਥਾਪਕ, ਕਿਊਜ਼ੇਂਸ ਲੈਬਸ**

# ਖੇਤੀ ਵਿੱਚ ਪਾਣੀ ਦੀ ਖਪਤ ਨੂੰ ਘਟਾਉਣ ਦੀ ਲੋੜ





ਭਗਵਾਨ ਦਾਸ

ਇਸ ਸਾਲ 2025-26 ਵਿੱਚ ਆਮ ਸਾਲਾਂ ਨਾਲੋਂ ਵੱਧ ਬਾਰਿਸ਼ ਹੋਈ ਹੈ। ਪੰਜਾਬ ਵਿੱਚ ਤਾਂ ਇਕੱਲੇ ਜਨਵਰੀ ਦੇ ਮਹੀਨੇ ਹੀ ਆਮ ਸਾਲਾਂ ਨਾਲੋਂ 15 ਐਮਐਮ ਵੱਧ ਮੀਂਹ ਪਏ ਹਨ। ਅਜਿਹਾ ਕਈ ਸਾਲਾਂ ਬਾਅਦ ਹੁੰਦਾ ਹੈ। ਝੋਨਾ-ਕਣਕ ਦੇ ਫ਼ਸਲੀ ਚੱਕਰ ਵਿੱਚ ਲਗਾਤਾਰ ਕਈ ਸਾਲਾਂ ਤੱਕ ਜ਼ਮੀਨ ਥੱਲੇ ਦੇ ਪਾਣੀ ਦਾ ਪੱਧਰ ਹੇਠਾਂ ਰਿਹਾ। ਲਗਭਗ ਸਾਰੇ ਬਲਾਕਾਂ ਵਿੱਚ ਹੀ ਨਵੇਂ ਟਿਊਬਵੈੱਲ ਲੱਗਣੇ ਅਸੰਭਵ ਹੋ ਗਏ ਹਨ। ਜ਼ਮੀਨ ਥੱਲੇ ਦੇ ਪਾਣੀ ਦੀ ਲੋੜ ਝੋਨੇ ਦੀ ਫ਼ਸਲ ਲਈ ਬਹੁਤ ਵੱਧ ਗਈ। ਬੋਰ ਡੂੰਘੇ ਕਰਨੇ ਪਏ। ਹਰਿਆਣਾ ਵਿੱਚ ਵੀ ਜ਼ਮੀਨ ਥੱਲੇ ਪਾਣੀ ਬਹੁਤ ਘੱਟ ਗਿਆ ਅਤੇ ਕਈ ਬਲਾਕਾਂ ਵਿੱਚ ਹਾਲਤ ਚਿੰਤਾਜਨਕ ਹੋ ਗਈ।

ਪੰਜਾਬ ਵਿੱਚ ਤਾਂ ਵੱਡੇ ਰਕਬੇ 'ਤੇ ਬਲਾਕਾਂ ਵਿੱਚ ਜ਼ਮੀਨ ਥੱਲੇ ਦੇ ਪਾਣੀ ਦਾ ਪੱਧਰ ਬਹੁਤ ਹੀ ਘੱਟ ਗਿਆ ਸੀ। ਜ਼ਮੀਨ ਵਿੱਚੋਂ ਪਾਣੀ ਦੀ ਨਿਕਾਸੀ ਰੀਚਾਰਜ਼ ਨਾਲੋਂ ਵੱਧ ਹੈ। ਲਗਭਗ 70 ਫ਼ੀਸਦੀ ਤੋਂ ਵੱਧ ਰਕਬੇ ਦੀ ਸਿੰਜਾਈ ਟਿਊਬਵੈੱਲਾਂ ਨਾਲ ਕੀਤੀ ਜਾਂਦੀ ਹੈ, ਬਾਕੀ ਸਿੰਜਾਈ ਦਾ ਆਧਾਰ ਨਹਿਰੀ ਪਾਣੀ ਤੇ ਬਾਰਿਸ਼ਾਂ ਹਨ।

ਝੋਨੇ ਦੀ ਵੱਧ ਰਹੀ ਕਾਸ਼ਤ ਕਾਰਨ ਖੇਤੀ ਲਈ ਪਾਣੀ ਦੀ ਸੁਚੱਜੀ ਵਰਤੋਂ ਬਹੁਤ ਜ਼ਰੂਰੀ ਹੈ, ਜੋ ਕਿ ਨਹੀਂ ਹੋ ਰਹੀ ਮੁਫ਼ਤ ਬਿਜਲੀ ਦੀ ਸਹੂਲਤ ਹੋਣ ਕਰਕੇ ਅਨੇਕਾਂ ਕਿਸਾਨਾਂ ਵਲੋਂ ਟਿਊਬਵੈੱਲ ਲੋੜ ਅਨੁਸਾਰ ਚਲਾਏ ਜਾਣ। ਸ਼ਹਿਰੀ ਤੇਕਸਬਿਆਂ ਵਿੱਚ ਰਹਿ ਰਹੀ ਆਬਾਦੀ ਲਈ ਪੀਣ ਵਾਲੇ ਪਾਣੀ ਦੀ ਵੀ ਕਮੀ ਹੁੰਦੀ ਜਾ ਰਹੀ ਹੈ। ਪਾਣੀ ਦੇ ਇਸ ਸੰਕਟ ਨੂੰ ਰੋਕਣ ਲਈ ਜੋ ਪਾਣੀ ਜ਼ਾਇਆ ਜਾਂਦਾ ਹੈ, ਉਸ ਨੂੰ ਠੱਲ੍ਹ ਪਾਉਣ ਤੋਂ ਇਲਾਵਾ ਮੀਂਹ ਦੇ ਪਾਣੀ ਦੀ ਪੂਰੀ ਵਰਤੋਂ ਕਰਨ ਲਈ ਇਸ ਨੂੰ ਧਰਤੀ ਹੇਠ ਰਸਾਉਣ ਦੀ ਲੋੜ ਹੈ। ਧਰਤੀ ਦੇ 70 ਫ਼ੀਸਦੀ ਹਿੱਸੇ ਵਿੱਚ ਪਾਣੀ ਹੈ ਪਰ ਫਿਰ ਵੀ ਪੀਣ ਤੇ ਸਿੰਚਾਈ ਯੋਗ ਪਾਣੀ ਦਾ ਸੰਕਟ ਵੱਧਦਾ ਜਾ ਰਿਹਾ ਹੈ।

ਪੁਰਾਣੇ ਜ਼ਮਾਨੇ ਵਿੱਚ ਖੇਤਾਂ ਵਿੱਚ ਫ਼ਸਲਾਂ ਦੀ ਸਿੰਚਾਈ ਚਰਸਾਂ ਰਾਹੀਂ ਕੀਤੀ ਜਾਂਦੀ ਸੀ। ਫੇਰ ਖੂਹਾਂ ਵਿੱਚੋਂ ਹਲਟਾਂ ਰਾਹੀਂ ਪਾਣੀ ਕੱਢ ਕੇ ਫ਼ਸਲਾਂ ਨੂੰ ਦਿੱਤਾ ਜਾਂਦਾ ਰਿਹਾ। ਬਿਜਲੀ ਆਉਣ ਤੋਂ ਬਾਅਦ ਕਿਸਾਨਾਂ ਨੇ ਮੋਟਰਾਂ ਨਾ ਲਈਆਂ। ਫ਼ਸਲਾਂ ਦੀ ਕਾਸ਼ਤ ਥੱਲੇ ਰਕਬਾ ਵੱਧਣ ਨਾਲ ਪਾਣੀ ਦੀ ਲੋੜ ਵੀ ਵੱਧ ਗਈ। ਉਪਰੰਤ ਧਰਤੀ ਹੇਠਲਾ ਪਾਣੀ ਹੋਰ ਥੱਲੇ ਚਲਾ ਗਿਆ। ਜੋ ਮੋਟਰਾਂ ਪਟੇ ਨਾਲ ਚੱਲਦੀਆਂ ਸਨ, ਕਿਸਾਨਾਂ ਨੇ ਪੱਖੇ ਨਾਲ ਜੋੜ ਕੇ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪਾਣੀ ਹੋਰ ਡੂੰਘਾ ਹੋਣ ਉਪਰੰਤ ਖੂਹੀਆਂ ਵੀ ਵਧੇਰੇ ਡੂੰਘੀਆਂ ਕਰਨੀਆਂ ਪਈਆਂ। ਫੇਰ ਬਿਜਲੀ ਦੀਆਂ ਮੋਟਰਾਂ ਅਤੇ ਡੀਜ਼ਲ ਪੰਪ ਲੱਗਣੇ ਸ਼ੁਰੂ ਹੋ ਗਏ ਅਤੇ ਸਬਮਰਸੀਬਲ ਪੰਪ ਲੱਗਣ ਲੱਗ ਪਏ।

ਸਬਜ਼ ਇਨਕਲਾਬ ਤੋਂ ਬਾਅਦ ਕਣਕ ਝੋਨੇ ਦਾ ਫ਼ਸਲੀ ਚੱਕਰ ਸ਼ੁਰੂ ਹੋਣ ਨਾਲ ਖੇਤੀ ਖੇਤਰ ਵਿੱਚ ਪਾਣੀ ਦੀ ਲੋੜ ਹੋਰ ਵੱਧ ਗਈ। ਝੋਨੇ ਲਈ ਦੂਜੀਆਂ ਫ਼ਸਲਾਂ ਦੇ ਮੁਕਾਬਲੇ ਪਾਣੀ ਦੀ ਲੋੜ ਵੱਧ ਸੀ। ਕਿਸਾਨ ਬਦਲਵੀਆਂ ਫ਼ਸਲਾਂ ਲੱਭਣ ਲੱਗੇ। ਵਧੇਰੇ ਮੁਨਾਫ਼ੇ ਲਈ ਕੁੱਝ ਕਿਸਾਨਾਂ ਨੇ ਆਲੂਆਂ ਤੇ ਬਹਾਰ ਰੁੱਤ ਦੀ ਮੱਕੀ ਦੀਆਂ ਫ਼ਸਲਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਇਨ੍ਹਾਂ ਫ਼ਸਲਾਂ ਦੀ ਵੀ ਪਾਣੀ ਦੀ ਲੋੜ ਕੋਈ ਘੱਟ ਨਹੀਂ ਸੀ। ਫੇਰ ਜਿਨ੍ਹਾਂ ਕਿਸਾਨਾਂ ਨੇ ਗੰਨਾ, ਸੂਰਜਮੁਖੀ ਜਿਹੀਆਂ ਫ਼ਸਲਾਂ ਲੈਣੀਆਂ ਸ਼ੁਰੂ ਕੀਤੀਆਂ, ਉਨ੍ਹਾਂ ਲਈ ਵੀ ਕੋਈ ਝੋਨੇ ਤੋਂ ਘੱਟ ਪਾਣੀ ਨਹੀਂ ਲੋੜੀਂਦਾ ਸੀ। ਜਿੱਥੇ ਹੋਰ ਵਿਧੀਆਂ ਵਰਤ ਕੇ ਪਾਣੀ ਦੀ ਬੱਚਤ ਕਰਨ ਦੀ ਲੋੜ ਹੈ, ਮੀਂਹ ਦੇ ਪਾਣੀ ਦਾ ਹੇਠਾਂ ਰੀਚਾਰਜ ਵੀ ਬਹੁਤ ਜ਼ਰੂਰੀ ਹੈ। ਕਿਸਾਨਾਂ ਨੇ ਜੋ ਪੁਰਾਣੇ ਖੂਹ ਮਿੱਟੀ ਨਾਲ ਬੰਦ ਕਰ ਦਿੱਤੇ, ਉਨ੍ਹਾਂ ਨੂੰ ਦੁਬਾਰਾ ਚਾਲੂ ਕਰ ਕੇ ਮੀਂਹ ਦੇ ਪਾਣੀ ਨੂੰ ਹੇਠਾਂ ਰਸਾਉਣ ਲਈ ਵਰਤਿਆ ਜਾ ਸਕਦਾ ਹੈ। ਵੱਟਾਂ 'ਤੇ ਝੋਨਾ ਲਾ ਕੇ ਵੀ ਪਾਣੀ ਦੀ ਬੱਚਤ ਹੋਵੇਗੀ। ਕਿਆਰੇ ਛੋਟੇ ਹੋਣੇ ਚਾਹੀਦੇ ਹਨ। ਝੋਨੇ ਦੀ ਸਿੱਧੀ ਬਿਜਾਈ ਕਰ ਕੇ ਵੀ ਪਾਣੀ ਬਚਦਾ ਹੈ, ਕਿਉਂਕਿ ਕੱਦੂ ਕਰ ਕੇ ਝੋਨਾ ਲਗਾਉਣ ਨਾਲ ਵਧੇਰੇ ਪਾਣੀ ਲੱਗਦਾ ਹੈ। ਝੋਨਾ ਲਗਾਉਣ ਤੋਂ ਪਹਿਲਾਂ ਜੇ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰ ਕੀਤਾ ਜਾਵੇ ਤਾਂ ਵੀ ਫ਼ਸਲ ਨੂੰ ਥੋੜ੍ਹਾ ਪਾਣੀ ਲੋੜੀਂਦਾ ਹੈ। ਮਾਹਿਰਾਂ ਅਨੁਸਾਰ ਇਹ ਵਿਧੀ ਅਪਣਾਇਆਂ 15 ਤੋਂ 25 ਫ਼ੀਸਦੀ ਪਾਣੀ ਦੀ ਬੱਚਤ ਹੁੰਦੀ ਹੈ ਤੇ ਖਾਦ ਤੇ ਨਦੀਨਨਾਸ਼ਕ ਵਧੇਰੇ ਪ੍ਰਭਾਵਸ਼ਾਲੀ ਹੁੰਦੇ ਹਨ, ਜਿਸ ਕਾਰਨ ਉਤਪਾਦਕਤਾ ਵੱਧਦੀ ਹੈ। ਪੰਜਾਬ ਸਰਕਾਰ ਵਲੋਂ ਬਣਾਏ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ 2009, ਜਿਸ ਤਹਿਤ ਅੱਧ-ਜੂਨ ਤੋਂ ਪਹਿਲਾਂ ਝੋਨੇ ਦੀ ਕਾਸ਼ਤ ਨਹੀਂ ਕੀਤੀ ਜਾ ਸਕਦੀ, ਉਸ ਨੂੰ ਪੂਰੀ ਤਰ੍ਹਾਂ ਅਪਣਾਉਣ ਨਾਲ ਪਾਣੀ ਦੀ ਖ਼ਪਤ ਘਟੇਗੀ। ਝੋਨੇ ਦੀਆਂ ਘੱਟ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਨਵੀਆਂ ਵਿਕਸਿਤ ਪੂਸਾ-1824, ਪੂਸਾ-2090 ਤੇ ਬਾਸਮਤੀ ਦੀ ਪੂਸਾ ਬਾਸਮਤੀ-1509 ਆਦਿ ਲਾ ਕੇ ਵੀ ਪਾਣੀ ਦੀ ਬੱਚਤ ਹੋਵੇਗੀ ਅਤੇ ਉਤਪਾਦਕਤਾ ਤੇ ਆਮਦਨ ਵਧੇਗੀ। ਝੋਨੇ ਦੀਆਂ ਦੋਵੇਂ ਨਵੀਆਂ ਕਿਸਮਾਂ (ਪੂਸਾ 2090 ਤੇ ਪੂਸਾ 1824) ਪੂਸਾ-44 ਦਾ ਬਦਲ ਹਨ ਤੇ ਉਸ ਨਾਲੋਂ ਬਹੁਤ ਘੱਟ ਸਮਾਂ ਲੈਂਦੀਆਂ ਹਨ ਤੇ ਵੱਧ ਆਮਦਨ ਦਿੰਦੀਆਂ ਹਨ। ਇਨ੍ਹਾਂ ਦੀ ਬਿਜਾਈ ਨਾਲ ਵੀ ਪਾਣੀ ਦੀ ਬੱਚਤ ਹੋਵੇਗੀ। ਇਸ ਤੋਂ ਇਲਾਵਾ ਪੀ.ਏ.ਯੂ. ਦੀਆਂ ਪੀ.ਆਰ.-126 ਜਿਹੀਆਂ ਵੀ ਪੀ.ਆਰ. ਕਿਸਮਾਂ ਵੀ ਉਪਲੱਬਧ ਹਨ।

ਇਸ ਤੋਂ ਇਲਾਵਾ ਸ਼ਹਿਰੀ ਖੇਤਰ ਵਿੱਚ ਵੀ ਮੀਂਹ ਦੇ ਪਾਣੀ ਦੀ ਹਾਰਵੈਸਟਿੰਗ ਕੀਤੀ ਜਾਣੀ ਚਾਹੀਦੀ ਹੈ। ਸ਼ਹਿਰਾਂ ਵਿੱਚ ਖ਼ਪਤਕਾਰ ਵੀ ਬੜਾ ਪਾਣੀ ਜ਼ਾਇਆ ਕਰਦੇ ਹਨ। ਪੀਣ ਵਾਲੇ ਪਾਣੀ ਲਈ ਘੜੇ ਰੱਖਣ, ਫੇਰ ਨਲਕੇ ਲਗਾਉਣ, ਫੇਰ ਬਿਜਲੀ ਦੀਆਂ ਮੋਟਰਾਂ ਤੇ ਸਬਮਰਸੀਬਲ ਪੰਪਾਂ ਰਾਹੀਂ ਵਰਤੋਂ ਲਈ ਪਾਣੀ ਦੀ ਖ਼ਪਤ ਕੀਤੀ ਜਾਂਦੀ ਰਹੀ ਹੈ ਤੇ ਪਾਣੀ ਦੀ ਵਧੇਰੇ ਵਰਤੋਂ ਹੁੰਦੀ ਗਈ ਅਤੇ ਇਸ ਤਰ੍ਹਾਂ ਪਾਣੀ ਦੀ ਲੋੜ ਵਿੱਚ ਵਾਧਾ ਹੁੰਦਾ ਗਿਆ। ਧਾਰਮਿਕ ਸਥਾਨਾਂ, ਸਕੂਲਾਂ, ਸਾਂਝੀਆਂ ਬਿਲਡਿੰਗਾਂ ਅਤੇ ਮੈਰਿਜ ਪੈਲੇਸਾਂ ਆਦਿ ਥਾਵਾਂ ਵਿੱਚ ਬਾਰਿਸ਼ ਦੇ ਪਾਣੀ ਦੀ ਸੰਭਾਲ ਕਰਕੇ ਵੀ ਕੁੱਝ ਹੱਦ ਤੱਕ ਪਾਣੀ ਦਾ ਸੰਕਟ ਹੱਲ ਹੋ ਸਕਦਾ ਹੈ। ਪੇਸ਼ਾਬ ਘਰਾਂ, ਨਾਲੀਆਂ ਦਾ ਪਾਣੀ ਯੋਗ ਤਕਨੀਕਾਂ ਨਾਲ ਮੁੜ ਵਰਤ ਕੇ ਪੌਦਿਆਂ ਤੇ ਬਗੀਚਿਆਂ ਦੀ ਸਿੰਜਾਈ ਕੀਤੀ ਜਾ ਸਕਦੀ ਹੈ। ਬਾਗਾਂ ਅਤੇ ਜੰਗਲਾਤ ਥੱਲੇ ਰਕਬਾ ਵਧਾਉਣ ਦੀ ਲੋੜ ਹੈ, ਜਿਸ ਨਾਲ ਪਾਣੀ ਦੀ ਬੱਚਤ ਹੋਵੇਗੀ। ਜਿਨ੍ਹਾਂ ਮਹੀਨਿਆਂ ਵਿੱਚ ਵਧੇਰੇ ਬਾਰਿਸ਼ ਹੁੰਦੀ ਹੈ, ਉਨ੍ਹਾਂ ਮਹੀਨਿਆਂ ਵਿੱਚ ਪਾਣੀ ਦੀ ਬੇਲੋੜੀ ਵਰਤੋਂ ਨਾ ਕੀਤੀ ਜਾਵੇ। ਫਾਲਤੂ ਪਾਣੀ ਫ਼ਸਲਾਂ ਦੀ ਸਿੰਚਾਈ ਕਰਨ ਲਈ ਜਮ੍ਹਾਂ ਕਰਕੇ ਰੱਖਿਆ ਜਾਵੇ। ਪੰਜਾਬ ਸਰਕਾਰ ਦੇ ਨਹਿਰੀ ਵਿਭਾਗ ਵਲੋਂ ਜੋ ਰੀਚਾਰਜ ਖੂਹ ਬਣਾਏ ਗਏ ਸਨ, ਉਨ੍ਹਾਂ ਰਾਹੀਂ ਰੀਚਾਰਜਿੰਗ ਨਹੀਂ ਕੀਤੀ ਜਾ ਰਹੀ, ਉਨ੍ਹਾਂ ਨੂੰ ਵਰਤੋਂ ਵਿੱਚ ਲਿਆਂਦਾ ਜਾਵੇ।

# ਢੀਂਗਰੀ ਖੁੰਬ ਦੀ ਕਾਸ਼ਤ ਹੈ ਲਾਭਕਾਰੀ ਸਹਾਇਕ ਕਿੱਤਾ

ਸ਼ਿਵਾਨੀ ਸ਼ਰਮਾ, ਜਸਪ੍ਰੀਤ ਕੌਰ ਅਤੇ ਐਨਾ ਗੋਇਲ, ਸੂਖਮਜੀਵ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ 88728-63025)

ਕਿਸਾਨਾਂ ਰਾਹੀਂ ਜਮ੍ਹਾਂ ਕੀਤੀ ਪਰਾਲੀ ਅਤੇ ਤੂੜੀ ਦੀ ਰਹਿੰਦ-ਖੂੰਹਦ ਦੀ ਵਰਤੋਂ ਸਰਦ ਅਤੇ ਗਰਮ ਰੁੱਤ ਦੀਆਂ ਖੁੰਬਾਂ ਪੈਦਾ ਕਰਨ ਲਈ ਕੀਤੀ ਜਾ ਸਕਦੀ ਹੈ। ਤਿੰਨ ਕਿਸਮਾਂ ਬਟਨ, ਢੀਂਗਰੀ ਅਤੇ ਸ਼ਿਟਾਕੀ ਸਰਦ ਰੁੱਤ ਵਿੱਚ ਪੈਦਾ ਕੀਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਖੁੰਬਾਂ ਦੀ ਕਾਸ਼ਤ ਇੱਕ ਸਹਾਇਕ ਖੇਤੀ ਅਧਾਰਿਤ ਉਦਯੋਗ ਵਜੋਂ ਉੱਭਰ ਰਹੀ ਹੈ ਜਿਹੜਾ ਕਿ ਬਹੁਤ ਸਾਰੇ ਬੇਜ਼ਮੀਨੇ ਅਤੇ ਘੱਟ ਜ਼ਮੀਨ ਵਾਲੇ ਮਰਦਾਂ ਅਤੇ ਔਰਤਾਂ ਨੂੰ ਆਮਦਨ ਪੈਦਾ ਕਰਨ ਵਾਲੇ ਕਿੱਤੇ ਵੱਜੋਂ ਖਿੱਚਦੀ ਹੈ।

ਇਹਨਾਂ ਵਿੱਚ ਗੁਣਾਂ ਨਾਲ ਭਰਪੂਰ ਖੁੰਬਾਂ ਹੈ 'ਢੀਂਗਰੀ', ਜਿਸ ਨੂੰ ਰੋਜ਼ਮਰਾ ਦੀ ਖੁਰਾਕ ਵਿੱਚ ਬੜੀ ਹੀ ਆਸਾਨੀ ਨਾਲ ਸ਼ਾਮਿਲ ਕੀਤਾ ਜਾ ਸਕਦਾ ਹੈ। ਢੀਂਗਰੀ ਖੁੰਬਾਂ ਵੱਖ-ਵੱਖ ਰੰਗਾਂ ਵਿੱਚ ਮਿਲਦੀ ਹੈ, ਜਿਵੇਂ ਕਿ ਚਿੱਟੇ, ਭੂਰੇ, ਗੁਲਾਬੀ, ਸੁਰਮਈ ਅਤੇ ਪੀਲੇ ਰੰਗ। ਢੀਂਗਰੀ ਖੁੰਬ ਇੱਕ ਅਜਿਹੀ ਖੁੰਬ ਹੈ, ਜੋ ਸਿਰਫ਼ ਤੂੜੀ, ਖੁੰਬਾਂ ਦੇ ਸਪਾਨ ਅਤੇ ਪਾਣੀ ਦੀ ਵਰਤੋਂ ਨਾਲ ਉਗਾਈ ਜਾ ਸਕਦੀ ਹੈ। ਇਸ ਖੁੰਬ ਦਾ ਕਾਸ਼ਤ ਤਰੀਕਾ ਅਤੇ ਸਾਂਭ ਸੰਭਾਲ ਬਹੁਤ ਹੀ ਸੁਖਾਲੀ ਹੈ। ਇਸ ਦੀ ਬਿਜਾਈ ਲਈ ਅਕਤੂਬਰ ਤੋਂ ਮਾਰਚ ਤੱਕ ਦਾ ਸਮਾਂ ਢੁੱਕਵਾਂ ਹੈ, ਜਿਸ ਦੌਰਾਨ ਢੀਂਗਰੀ ਦੀਆਂ ਤਿੰਨ ਫ਼ਸਲਾਂ ਲਈਆਂ ਜਾ ਸਕਦੀਆਂ ਹਨ। ਇਹਨਾਂ ਖੁੰਬਾਂ ਨੂੰ ਸਿੱਪੀ ਖੁੰਬ, ਓਸਟਰ ਖੁੰਬ ਅਤੇ ਪੱਤਾ ਖੁੰਬ ਆਦਿ ਨਾਂਵਾਂ ਨਾਲ ਵੀ ਜਾਣਿਆ ਜਾਂਦਾ ਹੈ। ਢੀਂਗਰੀ ਖੁੰਬ ਪੌਸ਼ਟਿਕਤਾ ਪੱਖੋਂ ਬਟਨ ਖੁੰਬ ਨਾਲ ਤੁਲਨਾਯੋਗ ਹੈ, ਜੋ ਇਸ ਨੂੰ ਵਿਲੱਖਣ ਬਣਤਰ ਅਤੇ



ਸਵਾਦ ਵਾਲੀ ਸਬਜ਼ੀ ਬਣਾਉਂਦਾ ਹੈ। ਲਗਭਗ ਇੱਕ ਕਿਲੋ ਸੁੱਕੀ ਤੂੜੀ ਵਿੱਚੋਂ 600-700 ਗ੍ਰਾਮ ਤੱਕ ਢੀਂਗਰੀ ਖੁੰਬ ਦੀ ਤੁੜਾਈ ਕੀਤੀ ਜਾ ਸਕਦੀ ਹੈ ਜੋ ਕਿ ਬਟਨ ਖੁੰਬ ਦੀ ਤੁਲਨਾ ਵਿੱਚ ਕਿਤੇ ਵਧੇਰੇ ਹੈ।

ਮੌਜੂਦਾ ਸਮੇਂ ਵਿੱਚ, ਢੀਂਗਰੀ ਨੂੰ ਰੋਜ਼ਾਨਾ ਦੇ ਭੋਜਨ ਵਿੱਚ ਅਨੇਕਾਂ ਢੰਗਾਂ ਨਾਲ ਸ਼ਾਮਿਲ ਕੀਤਾ ਜਾ ਸਕਦਾ ਹੈ। ਤਾਜ਼ਾ ਢੀਂਗਰੀ ਦੀ ਵਰਤੋਂ, ਸਬਜ਼ੀ, ਪੁਲਾਓ, ਨਗਟਸ, ਪਕੌੜੇ ਅਤੇ ਸੈਂਡਵਿਚ ਬਣਾਉਣ ਵਿੱਚ ਕੀਤੀ ਜਾ ਸਕਦੀ ਹੈ। ਢੀਂਗਰੀ ਤੋਂ ਬਹੁਤ ਹੀ ਸਵਾਦਲਾ ਆਚਾਰ ਬਣਾ ਕੇ ਵੀ ਤਿਆਰ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਢੀਂਗਰੀ ਨੂੰ ਸੁੱਕਾ ਕੇ ਵੀ ਵਰਤਿਆ ਜਾ ਸਕਦਾ ਹੈ ਅਤੇ ਸੁੱਕੀ ਢੀਂਗਰੀ ਦਾ ਪਾਊਡਰ ਵੀ ਤਿਆਰ ਕੀਤਾ ਜਾ ਸਕਦਾ ਹੈ। ਢੀਂਗਰੀ ਦੇ ਪਾਊਡਰ ਦੀ ਵਰਤੋਂ ਨਾਲ ਅਨੇਕਾਂ ਤਰ੍ਹਾਂ ਦੀਆਂ ਚੀਜ਼ਾਂ ਤਿਆਰ ਕਰਨ ਵਿੱਚ ਕੀਤੀ ਜਾ ਸਕਦੀਆਂ ਹਨ, ਜਿਵੇਂ ਕਿ ਪਾਊਡਰ ਪਾ ਕੇ ਬਿਸਕੁਟ, ਕੇਕ, ਸੇਵੀਆਂ, ਸੂਪ, ਸਬਜ਼ੀ ਮਸਾਲਾ ਅਤੇ ਸੁੱਕੇ ਨਾਸ਼ਤੇ ਤਿਆਰ ਕੀਤੇ ਜਾ ਸਕਦੇ ਹਨ। ਇਸ ਦੇ ਨਾਲ-ਨਾਲ, ਤਾਜ਼ੀ ਢੀਂਗਰੀ ਦਾ ਮਸਾਲਿਆਂ ਨਾਲ ਪੇਸਟ ਬਣਾ ਕੇ ਵੀ ਵਰਤਿਆ ਜਾ ਸਕਦਾ ਹੈ। ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁੰਬਾਂ ਨੂੰ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਬਣਾ ਕੇ, ਇਨ੍ਹਾਂ ਤੋਂ ਵੱਧ ਤੋਂ ਵੱਧ ਫਾਇਦਾ ਲਿਆ ਜਾ ਸਕਦਾ ਹੈ।

ਮਾਈਕ੍ਰੋਬਾਇਉਲੋਜੀ ਵਿਭਾਗ, ਪੀ ਏ ਯੂ, ਲੁਧਿਆਣਾ, ਖੁੰਬਾਂ ਦੀ ਮਹੱਤਤਾ ਨੂੰ ਸਮਝਦੇ ਹੋਏ, ਘਰਾਂ ਵਿੱਚ ਖੁੰਬਾਂ ਦੀ ਸੌਖੀ ਕਾਸ਼ਤ ਲਈ ਖੁੰਬ ਦਾ ਸਪਾਨ ਉਪਲਬੱਧ ਕਰਵਾਉਂਦਾ ਹੈ। ਇਹ ਸਪਾਨ ਮਾਇਕ੍ਰੋਬਾਇਉਲੋਜੀ ਵਿਭਾਗ ਵਿੱਚ 30 ਦਿਨ ਦੀ ਅਗਲੇਰੀ ਬੁਕਿੰਗ 'ਤੇ ਸਿਰਫ਼ 80 ਰੁਪਏ ਪ੍ਰਤੀ ਕਿਲੋ ਵਿੱਚ ਖਰੀਦੇ ਜਾ ਸਕਦੇ ਹਨ। ਇੱਕ 5 ਮੈਂਬਰੀ ਪਰਿਵਾਰ ਲਈ ਇੱਕ ਕਿਲੋ ਸਪਾਨ ਕਾਫੀ ਹੈ ਜਿਸ ਨਾਲ 10 ਕਿਲੋ ਤੂੜੀ ਦੀ ਬਿਜਾਈ ਹੋ ਜਾਂਦੀ ਹੈ।

### ਢੀਂਗਰੀ ਖੁੰਬ ਦੀ ਕਾਸ਼ਤ ਵਿਧੀ

ਕੁਤਰੀ ਪਰਾਲੀ/ਤੂੜੀ (1:1) ਨੂੰ ਪਾਣੀ ਨਾਲ 24 ਘੰਟੇ ਲਈ ਚੰਗੀ ਤਰ੍ਹਾਂ ਗਿੱਲੀ ਕਰੋ

↓

ਅਗਲੇ ਦਿਨ, ਇਸ ਵਿੱਚੋਂ ਵਾਧੂ ਪਾਣੀ ਬਾਹਰ ਨਿਕਲਣ ਦਿਓ

↓

ਇਸ ਤੋਂ ਬਾਅਦ, ਗਿੱਲੀ ਪਰਾਲੀ/ਤੂੜੀ ਵਿੱਚ 3% ਖੁੰਬਾਂ ਦੇ ਬੀਜ ਰਲਾਓ

↓

ਬੀਜ ਰਲੀ ਪਰਾਲੀ/ਤੂੜੀ ਨੂੰ ਮੋਮੀ ਲਿਫਾਫੇ ਵਿੱਚ ਭਰੋ

↓

ਲਿਫਾਫੇ ਦੇ ਕੋਨੇ ਕੱਟ ਦਿਓ

↓

ਲਿਫਾਫਿਆਂ ਦੇ ਮੂੰਹ ਸੇਬੇ ਨਾਲ ਬੰਨ੍ਹ ਕੇ ਖੁੰਬ ਘਰ ਵਿੱਚ ਰੱਖ ਦਿਓ

↓

ਲਗਭਗ 20-25 ਦਿਨਾਂ ਦੇ ਅੰਦਰ, ਲਿਫਾਫਿਆਂ ਵਿੱਚ ਖੁੰਬਾਂ ਦਾ ਜਾਲਾ ਫੈਲ ਜਾਵੇਗਾ

↓

ਮੋਮੀ ਲਿਫਾਫੇ ਲਾਹ ਦਿਓ ਅਤੇ ਰੋਜ਼ ਫੁਹਾਰੇ ਨਾਲ ਪਾਣੀ ਦਿਓ

↓

ਕੁੱਝ ਦਿਨਾਂ ਬਾਅਦ, ਸਿੱਪੀ ਦੇ ਆਕਾਰ ਦੀਆਂ ਖੁੰਬਾਂ ਫੁੱਟਣ ਲੱਗਦੀਆਂ ਹਨ

↓

4-5 ਦਿਨਾਂ ਵਿੱਚ ਖੁੰਬਾਂ ਵੱਡੀਆਂ ਹੋਣ 'ਤੇ ਖੁੰਬ ਤੋੜ ਲਓ

# ਪਾਣੀ ਸੁਰੱਖਿਅਤ ਨਹੀਂ ਤਾਂ ਕੋਈ ਵੀ ਆਰਥਿਕ ਵਿਕਾਸ ਜਾਂ ਕਾਨੂੰਨੀ ਸੁਧਾਰ ਕਾਮਯਾਬ ਨਹੀਂ ਹੋ ਸਕਦਾ

**ਜਦੋਂ ਨਵੇਂ ਕਾਨੂੰਨ ਤੇ ਨੀਤੀਆਂ ਬਣਾਈਆਂ ਜਾਂਦੀਆਂ ਹਨ ਤਾਂ ਕੇਂਦਰਤ ਖੇਤਰ, ਆਬਾਦੀ ਅਤੇ ਜ਼ਮੀਨ ਦੇ ਵਾਤਾਵਰਣ ਸੰਬੰਧੀ ਮੌਸਮੀ ਹਾਲਾਤ ਨੂੰ ਧਿਆਨ ਵਿੱਚ ਰੱਖਣਾ ਬੇਹੱਦ ਜ਼ਰੂਰੀ ਹੁੰਦਾ ਹੈ। ਪੰਜਾਬ ਦੇ ਮੌਜੂਦਾ ਵਾਤਾਵਰਣਕ ਸੰਕੇਤ ਬਹੁਤ ਹੀ ਚਿੰਤਾਜਨਕ ਤਸਵੀਰ ਪੇਸ਼ ਕਰਦੇ ਹਨ। ਸਰਕਾਰੀ ਅੰਕੜਿਆਂ ਮੁਤਾਬਕ, ਜੰਗਲ ਕਵਰ 2001 ਵਿੱਚ 4.80% ਤੋਂ ਘੱਟ ਕੇ 2023 ਵਿੱਚ 3.67% ਰਹਿ ਗਿਆ ਹੈ, ਜਦਕਿ ਦਰਖ਼ਤਾਂ ਵਾਲਾ ਏਰੀਆ ਇਸੇ ਅਰਸੇ ਦੌਰਾਨ 3.20% ਤੋਂ 2.92% ਤੱਕ ਘੱਟ ਗਿਆ। ਇਸ ਨਾਲ ਕੁੱਲ ਹਰਾ ਕਵਰ ਸਿਰਫ਼ 6.59% ਰਹਿ ਗਿਆ ਹੈ, ਜੋ ਪੰਜਾਬ ਨੂੰ ਭਾਰਤ ਦੇ ਸਭ ਤੋਂ ਘੱਟ ਹਰੇ ਕਵਰ ਵਾਲੇ ਰਾਜਾਂ ਵਿੱਚ ਸ਼ਾਮਲ ਕਰਦਾ ਹੈ।**



# ਪਾਣੀ ਦੇ ਦੀਵਾਲੀਆਪਣ ਵਲ ਵੱਧ ਰਿਹਾ ਪੰਜਾਬ

ਸਮੀਤਾ ਕੌਰ
ਡਾਇਰੈਕਟਰ ਵਤਰੁੱਖ ਫਾਊਂਡੇਸ਼ਨ
ਮੋਬਾਇਲ : 98158-00164

ਪਿਛਲੇ ਕਈ ਦਹਾਕਿਆਂ ਤੋਂ ਅਸੀਂ ਪੰਜਾਬ ਵਿੱਚ ਪਾਣੀ ਦੀ ਘਾਟ ਨੂੰ ਇੱਕ ਅਸਥਾਈ 'ਸੰਕਟ' ਵਜੋਂ ਵੇਖਦੇ ਆਏ ਹਾਂ, ਜਿਵੇਂ ਇਹ ਕੋਈ ਸਮੇਂ ਨਾਲ ਦੂਰ ਹੋ ਜਾਣ ਵਾਲੀ ਸਮੱਸਿਆ ਹੋਵੇ। ਪਰ ਜ਼ਮੀਨ ਹੇਠਾਂ ਦੀ ਹਕੀਕਤ ਇਸ ਤੋਂ ਕਿਤੇ ਵੱਧ ਗੰਭੀਰ ਅਤੇ ਅੰਤਿਮ ਹੈ। ਅਸੀਂ ਹੁਣ ਪਾਣੀ ਦੇ ਦੀਵਾਲੀਆਪਣ (Water Bankruptcy) ਵਾਲੇ ਦੌਰ ਵਿੱਚ ਦਾਖ਼ਲ ਹੋ ਚੁੱਕੇ ਹਾਂ- ਇਹੋ ਜਿਹੇ ਹਾਲਾਤ ਵਿੱਚ ਜਿੱਥੇ ਭੂਜਲ ਦੀ ਖਿਚਾਈ ਉਸ ਦੀ ਕੁਦਰਤੀ ਰੀਚਾਰਜ ਸਮਰੱਥਾ ਤੋਂ ਲਗਭਗ 156% ਹੈ, ਜੋ ਭਾਰਤ ਵਿੱਚ ਸਭ ਤੋਂ ਵੱਧ ਹੈ। ਪੰਜਾਬ ਸਰਕਾਰ ਆਉਣ ਵਾਲੀ ਵਿਧਾਨ ਸਭਾ ਬੈਠਕ ਵਿੱਚ 'ਪੰਜਾਬ ਟਰੀ ਪ੍ਰੋਟੈਕਸ਼ਨ ਐਕਟ 2025' ਨੂੰ ਪੇਸ਼ ਕਰਨ ਦੀ ਤਿਆਰੀ ਕਰ ਰਹੀ ਹੈ, ਜਿੱਥੇ ਇਹ ਸਵਾਲ ਅਹਿਮ ਬਣ ਜਾਂਦਾ ਹੈ ਕਿ ਕੀ ਇੱਕ ਐਸਾ ਕਾਨੂੰਨ, ਜੋ ਰਾਜ ਦੀ ਲਗਭਗ 90% ਜ਼ਮੀਨ ਨੂੰ ਨਜ਼ਰ-ਅੰਦਾਜ਼ ਕਰਦਾ ਹੈ, ਉਹ ਪੰਜਾਬ ਦੇ ਕੁਦਰਤੀ ਭਵਿੱਖ ਨੂੰ ਸੁਰੱਖਿਅਤ ਕਰ ਸਕਦਾ ਹੈ ?

'ਪੰਜਾਬ ਰੁੱਖ ਸੁਰੱਖਿਆ ਐਕਟ' (Punjab Trees Protection Act) ਦਾ ਮੌਜੂਦਾ ਮਸੌਦਾ ਖ਼ਾਮੀਆਂ ਨਾਲ ਘਿਰਿਆ ਹੋਇਆ ਹੈ- ਇਹ ਬੇਹੱਦ ਸ਼ਹਿਰੀ ਕੇਂਦ੍ਰਿਤ ਹੈ। ਸ਼ਹਿਰਾਂ ਦੇ ਦਰੱਖ਼ਤਾਂ ਦੀ ਰੱਖਿਆ ਨਿਸ਼ਚਤ ਤੌਰ 'ਤੇ ਜ਼ਰੂਰੀ ਹੈ, ਪਰ ਪੰਜਾਬ ਦੀ ਭੂਗੋਲਿਕ ਹਕੀਕਤ ਮੁੱਖ ਤੌਰ 'ਤੇ ਪਿੰਡਾਂ ਉੱਤੇ ਅਧਾਰਿਤ ਹੈ। ਰਾਜ ਦੇ ਕੁੱਲ 50,362 ਵਰਗ ਕਿਲੋਮੀਟਰ ਖੇਤਰ ਵਿੱਚੋਂ ਲਗਭਗ 48,265 ਵਰਗ ਕਿਲੋਮੀਟਰ ਪਿੰਡਾਂ ਵਿੱਚ ਪੈਂਦਾ ਹੈ। ਪਿੰਡਾਂ ਦੀ ਜ਼ਮੀਨ ਨੂੰ ਕਾਨੂੰਨ ਦਾ ਕੇਂਦਰ ਨਾ ਬਣਾਉਣਾ, ਉਸ ਜਗ੍ਹਾ ਨੂੰ ਨਜ਼ਰ-ਅੰਦਾਜ਼ ਕਰਨ ਬਰਾਬਰ ਹੈ, ਜਿੱਥੇ ਪਾਣੀ ਸੁਰੱਖਿਆ, ਵਾਤਾਵਰਣ ਸਥਿਰਤਾ ਅਤੇ ਮੌਸਮੀ ਸਹਿਨਸ਼ੀਲਤਾ ਦੀ ਲੜਾਈ ਜਿੱਤੀ ਜਾਂ ਹਾਰੀ ਜਾਵੇਗੀ। ਜਦੋਂ ਨਵੇਂ ਕਾਨੂੰਨ ਤੇ ਨੀਤੀਆਂ ਬਣਾਈਆਂ ਜਾਂਦੀਆਂ ਹਨ ਤਾਂ ਕੇਂਦਰਤ ਖੇਤਰ, ਆਬਾਦੀ ਅਤੇ ਜ਼ਮੀਨ ਦੇ ਵਾਤਾਵਰਣ ਸੰਬੰਧੀ ਮੌਸਮੀ ਹਾਲਾਤ ਨੂੰ ਧਿਆਨ ਵਿੱਚ ਰੱਖਣਾ ਬੇਹੱਦ ਜ਼ਰੂਰੀ ਹੁੰਦਾ ਹੈ। ਪੰਜਾਬ ਦੇ ਮੌਜੂਦਾ ਵਾਤਾਵਰਣਕ ਸੰਕੇਤ ਬਹੁਤ ਹੀ ਚਿੰਤਾਜਨਕ ਤਸਵੀਰ ਪੇਸ਼ ਕਰਦੇ ਹਨ। ਸਰਕਾਰੀ ਅੰਕੜਿਆਂ ਮੁਤਾਬਕ, ਜੰਗਲ ਕਵਰ 2001 ਵਿੱਚ 4.80% ਤੋਂ ਘੱਟ ਕੇ 2023 ਵਿੱਚ 3.67% ਰਹਿ ਗਿਆ ਹੈ, ਜਦਕਿ ਦਰੱਖ਼ਤਾਂ ਵਾਲਾ ਏਰੀਆ ਇਸੇ ਅਰਸੇ ਦੌਰਾਨ 3.20% ਤੋਂ 2.92% ਤੱਕ ਘੱਟ ਗਿਆ। ਇਸ ਨਾਲ ਕੁੱਲ ਹਰਾ ਕਵਰ ਸਿਰਫ਼ 6.59% ਰਹਿ ਗਿਆ ਹੈ, ਜੋ ਪੰਜਾਬ ਨੂੰ ਭਾਰਤ ਦੇ ਸਭ ਤੋਂ ਘੱਟ ਹਰੇ ਕਵਰ ਵਾਲੇ ਰਾਜਾਂ ਵਿੱਚ ਸ਼ਾਮਲ ਕਰਦਾ ਹੈ।

ਇਸ ਦੇ ਬਾਵਜੂਦ, ਮਸੌਦਾ ਕਾਨੂੰਨ ਵਿੱਚ ਨਾ ਤਾਂ ਐਗਰੋਫਾਰੈਸਟਰੀ ਦਾ ਜ਼ਿਕਰ ਹੈ ਤੇ ਨਾ ਹੀ ਖੇਤੀਬਾੜੀ ਵਾਲੇ ਦਰੱਖ਼ਤਾਂ ਦੀ ਗੱਲ ਕੀਤੀ ਗਈ ਹੈ, ਜਿਹੜੇ ਪੰਜਾਬ ਦੇ ਮੌਜੂਦਾ ਹਰੇ ਕਵਰ ਅਤੇ ਮੌਸਮੀ ਸਹਿਨਸ਼ੀਲਤਾ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਪਿੰਡਾਂ ਦੇ ਖੇਤਰਾਂ ਨੂੰ ਬਾਹਰ ਕੱਢਣ ਨਾਲ ਉਹ ਵਿਕਲਪ ਰਾਹ ਵੀ ਅਣਡਿੱਠੇ ਰਹਿ ਜਾਂਦੇ ਹਨ ਜਿਹੜੇ ਪਾਣੀ ਦੀ ਘਾਟ ਅਤੇ ਕਰਜ਼ੇ ਨਾਲ ਜੂਝ ਰਹੇ ਰਾਜ ਲਈ ਬੇਹੱਦ ਅਹਿਮ ਹਨ। ਐਗਰੋਫਾਰੈਸਟਰੀ ਭੂਜਲ ਦੀ ਘਾਟ, ਫ਼ਸਲੀ ਇੱਕਸਾਰਤਾ ਅਤੇ ਆਰਥਕ ਤੰਗੀ ਦੇ ਚੱਕਰ ਨੂੰ ਤੋੜਨ ਲਈ ਇੱਕ ਮੁੱਖ ਹੱਲ ਹੈ। ਪਰ ਪ੍ਰਸਤਾਵਤ ਕਾਨੂੰਨ ਨਾ ਤਾਂ ਮੌਸਮੀ ਤਬਦੀਲੀ ਰੋਕਥਾਮ ਵਿੱਚ ਦਰੱਖ਼ਤਾਂ ਦੀ ਭੂਮਿਕਾ ਮੰਨਦਾ ਹੈ ਤੇ ਨਾ ਹੀ ਹਾਸ਼ੀਏ 'ਤੇ ਧੱਕੇ ਗਏ ਭਾਈਚਾਰਕ ਵਰਗਾਂ ਲਈ ਕਿਸੇ ਤਰ੍ਹਾਂ ਦੀ ਵੀ ਸੁਰੱਖਿਆ ਜਾਂ ਸ਼ਮੂਲੀਅਤ ਦੀ ਵਿਵਸਥਾ ਕਰਦਾ ਹੈ।



ਵਿਗਿਆਨਕ ਅਧਿਐਨ ਪੰਜਾਬ ਦੇ ਪਾਣੀਆਂ ਦੀ ਹੋਰ ਵੀ ਡਰਾਉਣੀ ਤਸਵੀਰ ਦਿਖਾਉਂਦੇ ਹਨ। ਭੂਜਲ ਦੀ ਖਿਚਾਈ ਉਸ ਦੀ ਕੁਦਰਤੀ ਸਮਰੱਥਾ ਤੋਂ ਕਈ ਗੁਣਾ ਵੱਧ ਹੈ ਅਤੇ ਰਾਜ ਦੇ ਜ਼ਿਆਦਾਤਰ ਪ੍ਰਸ਼ਾਸਕੀ ਬਲਾਕ ''ਓਵਰ-ਐਕਸਪਲੋਇਟਿਡ'' ਜਾਂ ਡਾਰਕ ਜ਼ੋਨ ਵਿੱਚ ਸ਼ਾਮਲ ਹਨ, ਜਿੱਥੇ ਪਾਣੀ ਦੇ ਸਤਰ ਕੁਦਰਤੀ ਰੀਚਾਰਜ ਨਾਲ ਤੇਜ਼ੀ ਨਾਲ ਡਿੱਗ ਰਹੇ ਹਨ। ਹਰ ਸਾਲ ਟਿਊਬਵੈੱਲ ਹੋਰ ਡੂੰਘੇ ਕੀਤੇ ਜਾਂਦੇ ਹਨ, ਗਰਮੀਆਂ ਵਿੱਚ ਨਹਿਰਾਂ ਸੁੱਕ ਜਾਂਦੀਆਂ ਹਨ ਅਤੇ ਕਿਸਾਨਾਂ ਨੂੰ ਉਸੇ ਘਟਦੇ ਪਾਣੀ ਨੂੰ ਹਾਸਲ ਕਰਨ ਲਈ ਵੱਧ ਪੈਸਾ ਤੇ ਊਰਜਾ ਖ਼ਰਚਣੀ ਪੈਂਦੀ ਹੈ। ਪਾਣੀ ਦੀ ਘਾਟ ਹੁਣ ਕੋਈ ਭਵਿੱਖੀ ਖ਼ਤਰਾ ਨਹੀਂ ਰਿਹਾ, ਇਹ ਪੰਜਾਬ ਦੀ ਮਿੱਟੀ ਹੇਠਾਂ ਜਿਉਂਦੀ-ਜਾਗਦੀ ਹਕੀਕਤ ਬਣ ਚੁੱਕਾ ਹੈ।

ਦਾਵੋਸ਼ 2026 ਵਰਗੇ ਵਿਸ਼ਵ ਮੰਚਾਂ 'ਤੇ ਪਾਣੀ ਦੇ ਦੀਵਾਲੀਆਪਣ ਬਾਰੇ ਚਰਚਾਵਾਂ ਸਾਫ਼ ਕਰਦੀਆਂ ਹਨ ਕਿ ''ਵਾਟਰ ਸਟਰੈੱਸ'' ਜਾਂ ''ਵਾਟਰ ਕ੍ਰਾਈਸਿਸ'' ਵਰਗੇ ਸ਼ਬਦ ਹੁਣ ਗਲੋਬਲ ਸਾਊਥ ਦੇ ਕਈ ਖੇਤਰਾਂ ਦੀ ਹਕੀਕਤ ਨੂੰ ਦਰਸਾਉਣ ਲਈ ਨਾਕਾਫ਼ੀ ਹਨ। ਅੱਜ ਦਾ ਪੰਜਾਬ ਇਸ ਨਵੀਂ ਪਰਿਭਾਸ਼ਾ 'ਤੇ ਪੂਰੀ ਤਰ੍ਹਾਂ ਖਰਾ ਉਤਰਦਾ ਹੈ। ਡਾ. ਕਾਵੇਹ ਮਦਾਨੀ ਵਰਗੇ ਮਾਹਰ ਵਿਗਿਆਨੀਆਂ ਨੇ ਦਰਸਾਇਆ ਹੈ ਕਿ ਦਰਿਆਵਾਂ ਦਾ ਗਾਇਬ ਹੋਣਾ, ਗਲੇਸ਼ੀਅਰਾਂ ਦਾ ਪਿਘਲਣਾ ਅਤੇ ਭੂਜਲ ਭੰਡਾਰਾਂ ਦੀ ਖ਼ਤਮ ਹੋਣ ਦੀ ਪ੍ਰਕਿਰਿਆ ਇੱਕ ਗਲੋਬਲ ਪ੍ਰਣਾਲੀ ਦੀ ਟੁੱਟ-ਭੱਜ ਦਾ ਸੰਕੇਤ ਹੈ ਅਤੇ ਪੰਜਾਬ ਇਸ ਦੀ ਜਿਉਂਦੀ ਜਾਗਦੀ ਉਦਾਹਰਣ ਹੈ।

ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ ਭੂਜਲ ਰੀਚਾਰਜ 'ਤੇ ਸਭ ਤੋਂ ਵੱਡਾ ਪ੍ਰਭਾਵ ਪਾਉਣ ਵਾਲਾ ਕਾਰਕ ਨਹੀਂ ਹੈ। ਵਣੀਕਰਨ ਅਤੇ ਐਗਰੋਫਾਰੈਸਟਰੀ ਵਾਤਾਵਰਣ ਸੰਬੰਧੀ ਹਾਲਾਤ ਨੂੰ ਸੁਧਾਰਣ ਅਤੇ ਪਾਣੀ ਤੇ ਮਿੱਟੀ ਸੰਭਾਲ ਨੂੰ ਮਜ਼ਬੂਤ ਕਰਨ ਦੀ ਸਮਰੱਥਾ ਰਖਦੀਆਂ ਹਨ। ਪਰ ਪੰਜਾਬ ਦੀਆਂ ਨੀਤੀਆਂ ਅਜੇ ਵੀ ਟੁੱਟੇ ਹੋਏ ਖੰਡਾਂ ਵਿੱਚ ਕੰਮ ਕਰਦੀਆਂ ਹਨ- ਦਰੱਖ਼ਤ, ਪਾਣੀ, ਖੇਤੀਬਾੜੀ ਅਤੇ ਮੌਸਮੀ ਸ਼ਹਿਨਸ਼ੀਲਤਾ ਨੂੰ ਵੱਖ-ਵੱਖ ਵਿਸ਼ਿਆਂ ਵਜੋਂ ਮੰਨਿਆ ਜਾਂਦਾ ਹੈ, ਨਾਕਿ ਇੱਕ ਜੁੜੇ ਹੋਏ ਵਾਤਾਵਰਣ ਦੇ ਸੰਕਟ ਵਜੋਂ। ਦਰੱਖ਼ਤ ਸਿਰਫ਼ ਸ਼ਹਿਰੀ ਸੁੰਦਰਤਾ ਲਈ ਨਹੀਂ ਹੁੰਦੇ, ਇਹ ਭੂਜਲ ਰੀਚਾਰਜ, ਮਿੱਟੀ ਵਿੱਚ ਨਮੀ ਸੰਭਾਲ, ਤਾਪਮਾਨ ਸੰਤੁਲਨ ਤੇ ਲੰਮੇ ਸਮੇਂ ਦੇ ਵਾਤਾਵਰਣੀ ਸਥਿਰਤਾ ਲਈ ਕੁਦਰਤੀ ਢਾਂਚਾਗਤ ਸੰਪਤੀ ਹਨ, ਖ਼ਾਸ ਕਰ ਕੇ ਪਿੰਡਾਂ ਅਤੇ ਖੇਤੀਬਾੜੀ ਵਾਲੀ ਜ਼ਮੀਨ ਉੱਤੇ। ਪਿੰਡਾਂ ਨੂੰ ਬਾਹਰ ਰੱਖ ਕੇ ਤੇ 'ਟਰੀ ਪ੍ਰੋਟੈਕਸ਼ਨ' ਨੂੰ ਪਾਣੀ ਪ੍ਰਬੰਧਨ, ਹਵਾ ਪ੍ਰਦੂਸ਼ਣ ਨਿਯੰਤਰਣ, ਐਗਰੋਫਾਰੈਸਟਰੀ ਪ੍ਰੋਤਸਾਹਨਾਂ ਤੇ ਡਾਟਾ ਅਧਾਰਤ ਨਿਗਰਾਨੀ ਨਾਲ ਨਾ ਜੋੜ ਕੇ, ਇਹ ਮਸੌਦਾ ਕਾਨੂੰਨ ਸਾਡੇ ਸਮੇਂ ਦੀ ਸਭ ਤੋਂ ਵੱਡੀ ਚੁਣੌਤੀ ਨੂੰ ਗੁਆ ਲੈਂਦਾ ਹੈ। ਪਾਣੀ ਦਾ ਦੀਵਾਲੀਆਪਣ ਕਿਸੇ ਕੁਦਰਤੀ ਬਦਕਿਸਮਤੀ ਦਾ ਨਤੀਜਾ ਨਹੀਂ ਸਗੋਂ ਮਨੁੱਖੀ ਕਰਤੂਤਾਂ - ਵੱਧ ਖਿਚਾਈ, ਜ਼ਮੀਨ ਦਾ ਨਾਸ਼, ਜੰਗਲਾਂ ਦੀ ਕਟਾਈ, ਪ੍ਰਦੂਸ਼ਣ ਅਤੇ ਮੌਸਮੀ ਤਬਦੀਲੀ ਦਾ ਨਤੀਜਾ ਹੈ। ਜੇ ਪੰਜਾਬ ਆਪਣੇ ਪਾਣੀ ਨੂੰ ਸੁਰੱਖਿਅਤ ਨਹੀਂ ਕਰ ਸਕਦਾ ਤਾਂ ਕੋਈ ਵੀ ਆਰਥਕ ਵਿਕਾਸ ਯੋਜਨਾ ਜਾਂ ਕਾਨੂੰਨੀ ਸੁਧਾਰ ਕਾਮਯਾਬ ਨਹੀਂ ਹੋ ਸਕਦਾ। ਇਸ ਲਈ ਪਿੰਡਾਂ ਦੇ ਇਲਾਕਿਆਂ ਨੂੰ ਐਗਰੋਫਾਰੈਸਟਰੀ ਅਤੇ ਭੂਦ੍ਰਿਸ਼ਟੀ ਪੱਧਰ ਦੇ ਵਾਤਾਵਰਣ ਦੀ ਪੁਨਰ-ਸਥਾਪਨਾ ਵਲ ਮਾਰਗ-ਦਰਸ਼ਨ ਕਰਨਾ ਲਾਜ਼ਮੀ ਹੈ।

**ਦਾਵੋਸ 2026 ਵਰਗੇ ਵਿਸ਼ਵ ਮੰਚਾਂ 'ਤੇ ਪਾਣੀ ਦੇ ਦੀਵਾਲੀਆਪਣ ਬਾਰੇ ਚਰਚਾਵਾਂ ਸਾਫ਼ ਕਰਦੀਆਂ ਹਨ ਕਿ ''ਵਾਟਰ ਸਟਰੈੱਸ'' ਜਾਂ ''ਵਾਟਰ ਕ੍ਰਾਈਸਿਸ'' ਵਰਗੇ ਸ਼ਬਦ ਹੁਣ ਗਲੋਬਲ ਸਾਊਥ ਦੇ ਕਈ ਖੇਤਰਾਂ ਦੀ ਹਕੀਕਤ ਨੂੰ ਦਰਸਾਉਣ ਲਈ ਨਾਕਾਫ਼ੀ ਹਨ। ਅੱਜ ਦਾ ਪੰਜਾਬ ਇਸ ਨਵੀਂ ਪਰਿਭਾਸ਼ਾ 'ਤੇ ਪੂਰੀ ਤਰ੍ਹਾਂ ਖਰਾ ਉਤਰਦਾ ਹੈ। ਡਾ. ਕਾਵੇਹ ਮਦਾਨੀ ਵਰਗੇ ਮਾਹਰ ਵਿਗਿਆਨੀਆਂ ਨੇ ਦਰਸਾਇਆ ਹੈ ਕਿ ਦਰਿਆਵਾਂ ਦਾ ਗਾਇਬ ਹੋਣਾ, ਗਲੇਸ਼ੀਅਰਾਂ ਦਾ ਪਿਘਲਣਾ ਅਤੇ ਭੂਜਲ ਭੰਡਾਰਾਂ ਦੀ ਖ਼ਤਮ ਹੋਣ ਦੀ ਪ੍ਰਕਿਰਿਆ ਇੱਕ ਗਲੋਬਲ ਪ੍ਰਣਾਲੀ ਦੀ ਟੁੱਟ-ਭੱਜ ਦਾ ਸੰਕੇਤ ਹੈ ਅਤੇ ਪੰਜਾਬ ਇਸ ਦੀ ਜਿਉਂਦੀ ਜਾਗਦੀ ਉਦਾਹਰਣ ਹੈ।**

ਕੋਈ ਵੀ 'ਰੁੱਖ ਸੁਰੱਖਿਆ' ਕਾਨੂੰਨ (ਟਰੀ ਪ੍ਰੋਟੈਕਸ਼ਨ) ਪਿੰਡਾਂ ਦੇ ਖੇਤਰਾਂ ਦੀ ਭੂਮਿਕਾ ਨੂੰ ਸਵੀਕਾਰ ਨਾ ਕਰੇ ਤੇ ਪਾਣੀ ਦੇ ਦੀਵਾਲੀਆਪਣ ਦੇ ਸੰਦਰਭ ਵਿੱਚ ਐਗਰੋਫਾਰੈਸਟਰੀ ਨੂੰ ਉਤਸ਼ਾਹਤ ਨਾ ਕਰੇ, ਫਿਰ ਉਹ ਸਿਰਫ਼ ਇੱਕ ਕਾਰਵਾਈ ਰਹਿ ਜਾਵੇਗਾ। ਜਦਕਿ ਪੰਜਾਬ ਨੂੰ ਨਿਆਂਪੂਰਕ ਅਤੇ ਪ੍ਰਣਾਲੀਬਧ ਵਾਤਾਵਰਣ ਸੁਧਾਰ ਦੀ ਲੋੜ ਹੈ। ਇਹ ਕਾਨੂੰਨ ਸਸਟੇਨੇਬਲ ਡਿਵੈੱਲਪਮੈਂਟ ਗੋਲਜ਼ (SDGS) ਅਤੇ ਉਭਰ ਰਹੇ ESG ਫਰੇਮਵਰਕਸ ਨਾਲ ਵੀ ਮੇਲ ਖਾਣਾ ਚਾਹੀਦਾ ਹੈ।

ਪੰਜਾਬ ਦੇ ਵਿਰਾਸਤੀ ਦਰੱਖ਼ਤ- ਬਰਗਦ, ਪੀਪਲ, ਪਵਿੱਤਰ ਵਣ ਤੇ ਪਿੰਡਾਂ ਦੇ ਪ੍ਰਤੀਕ ਦਰੱਖ਼ਤ ਜਿਵੇਂ ਸ਼ੀਸ਼ਮ, ਜਾਮੁਣ ਅਤੇ ਸ਼ਤੂਤ, ਵਾਤਾਵਰਣ, ਸਭਿਆਚਾਰ ਅਤੇ ਇਤਿਹਾਸਕ ਮਹੱਤਤਾ ਰਖਦੇ ਹਨ। ਇਨ੍ਹਾਂ ਦੀ ਹਾਨੀ ਪ੍ਰਸ਼ਾਸਕੀ ਇਜਾਜ਼ਤਾਂ ਨਾਲ ਪੂਰੀ ਨਹੀਂ ਕੀਤੀ ਜਾ ਸਕਦੀ। ਸਭਿਆਚਾਰਕ ਯਾਦਾਂ ਨੂੰ ਵਾਤਾਵਰਣ ਸੁਰੱਖਿਆ ਨਾਲ ਜੋੜਨਾ ਲਾਜ਼ਮੀ ਹੈ। ਪੰਜਾਬ ਐਸੀ ਵਾਤਾਵਰਣ ਨੀਤੀ ਨਹੀਂ ਸਹਾਰ ਸਕਦਾ ਜੋ ਸ਼ਹਿਰਾਂ ਦੀ ਹੱਦ 'ਤੇ ਰੁਕ ਜਾਵੇ। ਅਸੀਂ ਆਪਣੇ ਜਲ ਸਾਧਨਾਂ ਤੋਂ ਵੱਧ ਜੀਅ ਰਹੇ ਹਾਂ। ਜੇ ਕਾਨੂੰਨ ਸਿਰਫ਼ ਸ਼ਹਿਰੀ ਦਰੱਖ਼ਤਾਂ ਤਕ ਸੀਮਤ ਰਿਹਾ ਤਾਂ ਇਹ ਖੁਰਾਕ ਉਤਪਾਦਨ, ਜੀਵਿਕਾ ਤੇ ਵਾਤਾਵਰਣ ਸਿਹਤ ਨੂੰ ਸਹਾਰਨ ਵਾਲੀ ਜਲ ਪ੍ਰਣਾਲੀ ਨੂੰ ਹੋਰ ਕਮਜ਼ੋਰ ਕਰੇਗਾ। ਆਉਣ ਵਾਲੀ ਵਿਧਾਨ ਸਭਾ ਬੈਠਕ ਇਸ ਬਿੱਲ ਨੂੰ ਪੰਜਾਬ ਦੇ ਭਵਿੱਖ ਲਈ ਦੁਬਾਰਾ ਪਰਿਭਾਸ਼ਤ ਕਰਨ ਦਾ ਇੱਕ ਮਹੱਤਵਪੂਰਨ ਮੌਕਾ ਹੈ।

ਜੇ 'ਟਰੀ ਪ੍ਰੋਟੈਕਸ਼ਨ' ਨੂੰ ਪੰਜਾਬ ਦੀ ਪਾਣੀ ਸੰਬੰਧੀ ਦੀਵਾਲੀਆਪਣ ਹਕੀਕਤ ਨਾਲ ਨਾ ਜੋੜਿਆ ਗਿਆ ਤਾਂ ਰਾਜ ਸਿਰਫ਼ ਇੱਕ ਖ਼ਾਮੀ ਵਾਲਾ ਕਾਨੂੰਨ ਨਹੀਂ ਪਾਸ ਕਰੇਗਾ ਸਗੋਂ ਉਹ ਕੁਦਰਤੀ ਪ੍ਰਣਾਲੀਆਂ ਦੇ ਡਿੱਗਣ ਦੀ ਪ੍ਰਕਿਰਿਆ ਨੂੰ ਤੇਜ਼ ਕਰੇਗਾ, ਜੋ ਇਸ ਦੀ ਅਰਥ-ਵਿਵਸਥਾ ਅਤੇ ਸਮਾਜ ਨੂੰ ਜਿਉਂਦਾ ਰਖਦੀਆਂ ਹਨ। ਹੁਣ ਸਮਾਂ ਆ ਗਿਆ ਹੈ ਕਿ ਵਾਤਾਵਰਣ ਸੁਰੱਖਿਆ ਨੂੰ ਸ਼ੌਕ ਨਹੀਂ ਸਗੋਂ ਪੰਜਾਬ ਦੀ ਜੀਵਨ-ਰੇਖਾ ਮੰਨਿਆ ਜਾਵੇ।

# ਕੁੱਖ, ਜਲ ਅਤੇ ਜੰਗਲ

## ਜੇ ਬਚਣਗੇ - ਤਾਂ ਹੋਵੇਗਾ ਮੰਗਲ

ਮਨੁੱਖਤਾ ਦੇ ਭਲੇ ਲਈ ਕੁੱਖ ਅਤੇ ਰੁੱਖ ਦੀ ਸੰਭਾਲ ਜ਼ਰੂਰੀ ਹੈ। ਜਦੋਂ ਸਮਾਜ ਵਿੱਚ ਗਿਰਾਵਟ ਆਉਂਦੀ ਹੈ ਤਾਂ ਉਹ ਚੰਗੀਆਂ ਗੱਲਾਂ ਨੂੰ ਛੱਡ ਬੁਰਾਈ ਦਾ ਪੱਲਾ ਫੜ ਲੈਂਦਾ ਹੈ ਜਿਸ ਤਰ੍ਹਾਂ ਬਹੁਤ ਸਮੇਂ ਤੋਂ ਅਸੀਂ ਵੇਖਦੇ ਆਏ ਰਹੇ ਹਾਂ ਕਿ ਸਾਡੇ ਦੇਸ਼ ਵਿੱਚ ਅਨਪੜ੍ਹਤਾ ਹੋਣ ਕਾਰਨ ਲੜਕੀਆਂ ਨੂੰ ਕੁੱਖ ਵਿੱਚ ਹੀ ਮਾਰ ਦਿੱਤਾ ਜਾਂਦਾ ਹੈ ਜਾਂ ਇਹ ਕਹਿ ਲਉ ਕਿ ਮਨੁੱਖ ਲੜਕੀ ਦੀ ਪੈਦਾਇਸ਼ ਤੋਂ ਡਰਨ ਲੱਗ ਪਿਆ ਹੈ। ਪਰ ਜਦੋਂ ਅਸੀਂ ਇਕ ਸਭਿਅਕ ਸਮਾਜ ਦੀ ਗੱਲ ਕਰਦੇ ਹਾਂ ਤਾਂ ਸਮਾਜ ਵਿੱਚ ਮੁੰਡਿਆਂ-ਕੁੜੀਆਂ ਦਾ ਅਨੁਪਾਤ ਬਰਾਬਰ ਹੋਣਾ ਜ਼ਰੂਰੀ ਹੈ ਨਹੀਂ ਤਾਂ ਸਮਾਜ ਵਿੱਚ ਸੰਤੁਲਨ ਬਰਕਰਾਰ ਨਹੀਂ ਰਹਿ ਸਕਦਾ ਤੇ ਪੂਰੇ ਸਮਾਜ ਨੂੰ ਇਸ ਦਾ ਨੁਕਸਾਨ ਉਠਾਉਣ ਲਈ ਮਜ਼ਬੂਰ ਹੋਣਾ ਪੈਂਦਾ ਹੈ



। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਭਰੂਣ ਹੱਤਿਆ ਜਿਹੇ ਘਿਨੌਣੇ ਅਪਰਾਧ ਨੂੰ ਤਿਆਗ, ਸਾਨੂੰ ਮੁੰਡਿਆਂ ਅਤੇ ਕੁੜੀਆਂ ਵਿੱਚ ਕੋਈ ਫਰਕ ਨਹੀਂ ਰੱਖਣਾ ਚਾਹੀਦਾ ਹੈ ਅਤੇ ਬੱਚੀਆਂ ਦੀ ਕੁੱਖ ਵਿੱਚ ਸੰਭਾਲ ਕਰਨੀ ਜ਼ਰੂਰੀ ਬਣ ਗਈ ਹੈ।

ਇਸ ਦੇ ਨਾਲ ਹੀ ਧਰਤੀ ਨੂੰ ਹਰਿਆਵਲੀ ਬਣਾਉਣ ਲਈ ਸਾਨੂੰ ਰੁੱਖਾਂ ਦੀ ਸੰਭਾਲ ਵਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਇਹ ਕੰਮ ਇਕ ਜਾਂ ਦੋ ਵਿਅਕਤੀਆਂ ਦਾ ਨਹੀਂ ਬਲਕਿ ਪੂਰੇ ਸਮਾਜ ਨੂੰ ਇਸ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਅੰਨ੍ਹੇਵਾਹ ਰੁੱਖਾਂ ਨੂੰ ਕੱਟ ਕੇ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਇੱਕ-ਇਕ ਰੁੱਖ ਦੇ ਕਿੰਨੇ ਸੁੱਖ ਹਨ, ਇਸ ਦੀ ਹਰ ਸਾਮਾਜਕ ਪ੍ਰਾਣੀ ਨੂੰ ਸਮਝ ਹੋਣੀ ਚਾਹੀਦੀ ਹੈ। ਰੁੱਖਾਂ ਦੇ ਸੁੱਖ ਤਾਂ ਅਸੀਂ ਉਂਗਲੀਆਂ ਤੇ ਗਿਣ ਵੀ ਨਹੀਂ ਸਕਦੇ। ਤਾਂ ਫਿਰ ਉਨ੍ਹਾਂ ਨਾਲ ਦੁਰਵਿਵਹਾਰ ਕਿਉਂ ਕੀਤਾ ਜਾਵੇ ? ਇਕ-ਇਕ ਰੁੱਖ ਮਨੁੱਖ ਦੀ ਜੀਵਨ ਰੇਖਾ ਹੈ ਅਤੇ ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਹਰ ਮਨੁੱਖ ਨੂੰ ਆਪਣੀ ਜ਼ਿੰਦਗੀ ਵਿੱਚ ਨਵੇਂ ਰੁੱਖ ਲਗਾਉਣੇ ਚਾਹੀਦੇ ਹਨ। ਰੁੱਖਾਂ ਦੀ ਸੰਭਾਲ ਨਾਲ ਉਹ ਆਪਣੇ ਜੀਵਨ ਦੀ ਅਤੇ ਸਮਾਜ ਦੀ ਸੰਭਾਲ ਕਰ ਸਕਦਾ ਹੈ।

ਭਾਵੇਂ ਇਕੱਲਾ-ਇਕੱਲਾ ਰੁੱਖ ਵੀ ਮਨੁੱਖ ਲਈ ਬਹੁਤ ਲਾਭਕਾਰੀ ਹੈ ਪਰ ਜੇ ਰੁੱਖ ਜੰਗਲਾਂ ਦੇ ਰੂਪ ਵਿੱਚ ਸੰਭਾਲ ਲਏ ਜਾਣ ਤਾਂ ਜੰਗਲਾਂ ਦੇ ਮਨੁੱਖਾਂ, ਪਸ਼ੂ-ਪੰਛੀਆਂ ਅਤੇ ਜੰਗਲੀ ਜਾਨਵਰਾਂ ਨੂੰ ਕਈਂ ਲਾਭ ਹਨ ਅਤੇ ਜੰਗਲ ਜਿੱਥੇ ਜੰਗਲੀ ਜਾਨਵਰਾਂ ਦਾ ਵਸੇਬਾ ਹੁੰਦਾ ਹੈ, ਉੱਥੇ ਮਨੁੱਖ ਲਈ ਤਾਂ ਜੰਗਲ ਵਰਦਾਨ ਹਨ। ਜੰਗਲ ਨਾਲ ਹੀ ਮਨੁੱਖ ਦੇ ਜੀਵਨ ਵਿਚ ਮੰਗਲ ਆਉਂਦਾ ਹੈ। ਮਨੁੱਖ ਨੂੰ ਹਰ ਸਮੇਂ ਜੰਗਲਾਂ ਤੇ ਟੇਕ ਰੱਖਣੀ ਪੈਂਦੀ ਹੈ। ਵਰਖਾ ਦਾ ਬਹੁਤਾ ਦਾਰੋਮਦਾਰ ਜੰਗਲਾਂ ਉੱਤੇ ਨਿਰਭਰ ਹੁੰਦਾ ਹੈ। ਜਿੰਨੇ ਵੱਧ ਜੰਗਲ ਹੋਣਗੇ, ਉਨ੍ਹੀ ਹੀ ਵੱਧ ਵਰਖਾ ਦੀ ਸੰਭਾਵਨਾ ਹੋ ਜਾਂਦੀ ਹੈ। ਬਹੁਤ ਤਰ੍ਹਾਂ ਦੀਆਂ ਜੜ੍ਹੀ-ਬੂਟੀਆਂ ਅਤੇ ਦਵਾਈਆਂ ਜੰਗਲਾਂ ਤੋਂ ਪ੍ਰਾਪਤ ਹੁੰਦੀਆਂ ਹਨ। ਸ਼ੁਰੂ-ਸ਼ੁਰੂ ਵਿੱਚ ਮਨੁੱਖ ਨੇ ਆਪਣਾ ਜੀਵਨ ਜੰਗਲਾਂ ਤੋਂ ਹੀ ਸ਼ੁਰੂ ਕੀਤਾ ਸੀ। ਪਰ ਅੱਜ ਉਹ ਵਿਗਿਆਨਕ ਯੁੱਗ ਵਿੱਚ ਇਨ੍ਹਾਂ ਜੰਗਲਾਂ ਨੂੰ ਵਿਸਾਰ ਰਿਹਾ ਹੈ ਅਤੇ ਭੁੱਲ ਗਿਆ ਹੈ ਕਿ ਮਨੁੱਖਾਂ ਲਈ ਲੱਕੜ ਜੰਗਲਾਂ ਤੋਂ ਹੀ ਪ੍ਰਾਪਤ ਹੁੰਦੀ ਹੈ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਵਿੱਚ ਇਹ ਜੰਗਲ ਹੀ ਮਨੁੱਖ ਦੀ ਸੇਵਾ ਕਰਦੇ ਹਨ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਮਨੁੱਖ ਆਪਣੇ ਸਾਮਾਜ ਦੀ ਖੁਸ਼ਹਾਲੀ ਲਈ ਅੰਧਾਧੁੰਦ ਕਟਾਈ ਨੂੰ ਰੋਕ ਕੇ ਜੰਗਲਾਂ ਦੀ ਸੰਭਾਲ ਕਰੇ।

ਇਨ੍ਹਾਂ ਸਭ ਤੋਂ ਵੀ ਵਧ ਮਨੁੱਖ ਲਈ ਪਾਣੀ ਜ਼ਰੂਰੀ ਹੈ। ਪਾਣੀ ਦੀ ਸੰਭਾਲ ਮਨੁੱਖ ਦੇ ਜੀਵਨ ਲਈ ਬਹੁਤ ਜ਼ਰੂਰੀ ਹੈ। ਪਾਣੀ ਹੀ ਜੀਵਨ ਹੈ ਅਤੇ ਪਾਣੀ ਯੋਗ ਅਤੇ ਸ਼ੁੱਧ ਹੋਣਾ ਵੀ ਅਤਿ ਜ਼ਰੂਰੀ ਹੈ। ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਅਤੇ ਇਸ ਦੀ ਸੰਭਾਲ ਮਨੁੱਖ ਦੇ ਜੀਵਨ ਦਾ ਆਧਾਰ ਅਤੇ ਸੰਜੀਵਨੀ ਹੈ। ਪਾਣੀ ਤੋਂ ਬਿਨਾਂ ਮਨੁੱਖ ਤਾਂ ਕੀ, ਹੋਰ ਜੀਵ-ਜੰਤੂ ਵੀ ਜੀਵਤ ਨਹੀਂ ਰਹਿ ਸਕਦੇ ਹਨ। ਇਥੋਂ ਤੱਕ ਕਿ ਬਹੁਤ ਸਾਰੇ ਜੀਵ ਤਾਂ ਰਹਿੰਦੇ ਹੀ ਪਾਣੀ ਵਿੱਚ ਹਨ। ਸਾਡੇ ਗੁਰੂ ਸਾਹਿਬਾਨ ਜੀ ਵਲੋਂ ਵੀ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ। ਅੱਜਕਲ ਗਲੋਬਲ ਵਾਰਮਿੰਗ (ਤਪਸ਼) ਦਾ ਕਾਰਨ ਵੀ ਧਰਤੀ ਤੇ ਘਟ ਰਿਹਾ ਪਾਣੀ ਹੀ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕੁੱਖ ਦੀ ਸੰਭਾਲ, ਰੁੱਖਾਂ ਦੀ ਬਹੁਤਾਤ, ਪਾਣੀ ਦੀ ਬੱਚਤ ਅਤੇ ਜੰਗਲਾਂ ਦਾ ਵਾਧਾ ਹੀ ਮਨੁੱਖ ਨੂੰ ਖੁਸ਼ਹਾਲੀ ਅਤੇ ਖੁਸ਼ੀ ਪ੍ਰਦਾਨ ਕਰ ਸਕਦਾ ਹੈ। ਸੰਸਾਰ ਵਿੱਚ ਭਰਪੂਰ ਜੰਗਲਾਂ ਦੀ ਹਰਿਆਲੀ, ਮਨੁੱਖ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਹੁਤ ਲਾਹੇਵੰਦ ਹੋ ਸਕਦੀ ਹੈ।

***- ਬਹਾਦਰ ਸਿੰਘ ਗੋਸਲ***

# ਹਵਾ ਪ੍ਰਦੂਸ਼ਣ ਬੇਹੱਦ ਖਤਰਨਾਕ

ਪ੍ਰਸਿੱਧ ਕਾਰਡੀਓਲੋਜੀ ਦੇ ਡਾਇਰੈਕਟਰ ਅਤੇ ਕਾਰਡੀਓਲੋਜਿਸਟ ਡਾ. ਧੀਮਾਨ ਕਹਾਲੀ ਨੇ ਹਵਾ ਪ੍ਰਦੂਸ਼ਨ ਕਾਰਨ ਹੋਣ ਵਾਲੀਆਂ ਦਿਲ ਦੀਆਂ ਬੀਮਾਰੀਆਂ, ਜੀਵਨ-ਸ਼ੈਲੀ ਦੇ ਪਹਿਲੂਆਂ ਅਤੇ ਆਉਣ ਵਾਲੀਆਂ ਆਧੁਨਿਕ ਇਲਾਜ ਸਹੂਲਤਾਂ ਵਰਗੇ ਵਿਆਪਕ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਅਸੀਂ ਉਨ੍ਹਾਂ ਦੇ ਸ਼ਬਦਾਂ ਤੋਂ ਉੱਭਰ ਕੇ ਸਾਹਮਦੇ ਆਏ ਤੱਥਾਂ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਨ।

ਹਵਾ ਪ੍ਰਦੂਸ਼ਣ ਦਿਲ ਦੀ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ, ਇਸ ਬਾਰੇ ਉਨ੍ਹਾਂ ਕਿਹਾ, ਦਰਅਸਲ, ਬਾਰੀਕ ਕਣ ਪਦਾਰਥ (ਪੀ. ਐਮ. 2.5), ਨਾਈਟ੍ਰੋਜਨ ਡਾਈਆਕਸਾਈਡ (ਐੱਨ ਓ 2) ਅਤੇ ਹੋਰ ਪ੍ਰਦੂਸ਼ਕ ਦਿਲ ਦੇ ਦੌਰੇ, ਸਟ੍ਰੋਕ ਅਤੇ ਕ੍ਰੋਨਿਕ ਹਾਰਟ ਫੇਲੀਅਰ ਵਰਗੀਆਂ ਸਥਿਤੀਆਂ ਦੇ ਵਿਕਾਸ ਅਤੇ ਜੋਖਮ ਨਾਲ ਜੁੜੇ ਹੋਏ ਹਨ। ਇਨ੍ਹਾਂ ਨੁਕਸਾਨਦੇਹ ਪਦਾਰਥਾਂ ਦੇ ਲੰਬੇ ਸਮੇਂ ਤੱਕ ਸੰਪਰਕ ਵਿਚ ਰਹਿੰਦ ਨਾਲ ਸੋਜ, ਆਕਸੀਡੇਟਿਵ ਤਣਾਅ ਤੇ ਨਾੜੀਆਂ ਨੂੰ ਨੁਕਸਾਨ ਹੋ ਸਕਦਾ ਹੈ, ਜੋ ਅੰਤ ਵਿਚ ਦਿਲ ਦੀ ਸਿਹਤ ਨਾਲ ਸਮਝੌਤਾ ਕਰਦਾ ਹੈ। ਹਵਾ ਪ੍ਰਦੂਸ਼ਣ ਦਿਲ ਦੀ ਸਿਹਤ ਲਈ ਇਕ ਘਾਤਕ ਖਤਰਾ ਹੈ, ਜੋ ਦੁਨੀਆਂ ਭਰ ਦੇ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਕਣ ਪਦਾਰਥ ਅਤੇ ਨਾਈਟ੍ਰੋਜਨ ਡਾਈਆਕਸਾਈਡ ਅਤੇ ਸਲਫਰ ਡਾਈਆਕਸਾਈਡ ਵਰਗੇ ਪ੍ਰਦੂਸ਼ਕਾਂ ਦੇ ਲੰਬੇ ਸਮੇਂ ਤੱਕ ਸੰਪਰਕ ਵਿਚ ਰਹਿਣ ਨਾਲ ਪ੍ਰਣਾਲੀਗਤ ਸੋਜਸ਼, ਆਕਸੀਡੇਟਿਵ ਤਣਾਅ ਅਤੇ ਐਂਡੋਥੈਲੀਅਲ ਡਿਸਫੰਕਸ਼ਨ ਹੁੰਦਾ ਹੈ, ਜੋ ਅਖੀਰ ਦਿਲ ਤੇ ਰੋਗਾਂ ਦਾ ਕਾਰਨ ਬਣਦਾ ਹੈ।

ਇਸ ਜੋਖਮ ਨੂੰ ਘਟਾਉਣ ਲਈ ਇਕ ਬਹੁ-ਪੱਖੀ ਪਹੁੰਚ ਦੀ ਲੋੜ ਹੈ-ਹਵਾ ਦੀ ਗੁਣਵੱਤਾ ਵਿਚ ਸੁਧਾਰ, ਜਨਤਕ ਜਾਗਰੂਕਤਾ ਵਧਾਉਣਾ ਅਤੇ ਦਿਲ ਦੇ ਜੋਖਮਾਂ ਦਾ ਜਲਦੀ ਪਤਾ ਲਗਾਉਣਾ। ਐਂਜੀਓਪਲਾਸਟੀ ਅਤੇ ਪੈਰੀਫਿਰਲ ਵੈਸਕੂਲਰ ਇਲਾਜ ਸਮੇਤ ਦਖਲਅੰਦਾਜ਼ੀ ਵਿਚ ਤਰੱਕੀ ਹੋਏ ਨੁਕਸਾਨ ਨੂੰ ਪੂਰਾ ਕਰ ਸਕਦੀ ਹੈ, ਪਰ ਰੋਕਥਾਮ ਬਹੁਤ ਮਹੱਤਵਪੂਰਨ ਹੈ।

ਕ੍ਰੋਨਿਕ ਹਾਰਟ ਫੇਲੀਅਰ (ਐੱਚ ਐੱਫ) ਨੂੰ ਦਿਲ ਰਾਹੀਂ ਸਰੀਰ ਦੇ ਵੱਖ ਵੱਖ ਟਿਸ਼ੂਆਂ ਨੂੰ ਕਾਫੀ ਖੂਨ ਪੰਪ ਕਰਨ ਦੀ ਅਯੋਗਤਾ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਤਾਂ ਜੋ ਉਹ ਆਪਣੇ ਆਮ ਕਾਰਜ ਕਰ ਸਕਣ। ਇਸ ਲਈ ਇਹ ਵਿਆਪਕ ਅਰਥਾਂ ਵਿਚ ਦਿਲ ਦੀ ਅਸਫਲਤਾ ਹੈ। ਬਹੁਤ ਸਾਰੇ ਮਰੀਜ਼ ਸਾਹ ਫੁੱਲਣ ਜਾਂ ਸਾਹ ਲੈਣ 'ਚ ਤਕਲੀਫ ਦੀ ਸ਼ਿਕਾਇਤ ਕਰਦੇ ਹਨ। ਸਾਹ ਚੜ੍ਹਨਾ ਜਾਂ ਛਾਤੀ ਵਿਚ ਭਾਰੀਪਨ, ਪੇਟ ਵਿਚ ਭਾਰੀਪਨ, ਪੈਰਾਂ ਵਿਚ ਸੋਜ, ਚਿਹਰੇ 'ਤੇ ਸੋਜ ਦੀਆਂ ਸ਼ਿਕਾਇਤਾਂ ਬਹੁਤ ਆਮ ਹਨ। ਛਾਤੀ 'ਚ ਭਾਰੀਪਨ ਜਾਂ ਘਬਰਾਹਟ ਆਦਿ ਤੋਂ ਇਲਾਵਾ ਇਹ ਕੁਝ ਆਮ ਲੱਛਣ ਹਨ।

ਹਾਰਟ ਫੇਲੀਅਰ ਦੀਆਂ ਤਿੰਨ ਜਾਂ ਚਾਰ ਕਿਸਮਾਂ ਹਨ। ਘੱਟ ਅਸਵੀਕਾਰ ਅੰਸ਼ ਨਾਲ ਹਾਰਟ ਫੇਲੀਅਰ, ਜਿੱਥੇ ਦਿਲ ਕੁਸ਼ਲਤਾ ਨਾਲ ਪੰਪ ਨਹੀਂ ਕਰਦਾ ਅਤੇ ਦਿਲ ਫੈਲ ਜਾਂਦਾ ਹੈ ਅਤੇ ਸਹੀ ਢੰਗ ਨਾਲ ਸੁੰਗੜਦਾ ਨਹੀਂ ਹੈ। ਇਸ ਲਈ ਇਹ ਇਕ ਬਹੁਤ ਹੀ ਖਤਰਨਾਕ ਬੀਮਾਰੀ ਹੈ ਅਤੇ ਇਕ ਅਜਿਹੀ ਸਥਿਤੀ ਨੂੰ ਦਰਸਾਉਂਦੀ ਹੈ ਜੋ ਦਿਲ ਦੇ ਆਮ ਪੰਪਿੰਗ ਕਾਰਜ ਨਾਲ ਜੁੜੀ ਹੋਈ ਹੈ।

ਐਚ ਐੱਫ ਦਾ ਸਹੀ ਕਾਰਨ ਦਾ ਪਤਾ ਲਗਾਉਣਾ ਸੰਭਵ ਨਹੀਂ ਹੈ। ਇਹ ਖ਼ੂਨ ਦੀ ਪੰਪਿੰਗ ਦੀ ਅਕੁਸ਼ਲਤਾ ਕਾਰਨ ਹੁੰਦਾ ਹੈ ਅਤੇ ਇਸ ਨੂੰ ਇੰਟਰ ਮੀਡੀਏਟ ਇਜੈਕਸ਼ਨ ਫਰੈਕਸ਼ਨ ਦੇ ਨਾਲ ਦਿਲ ਦੀ ਅਸਫਲਤਾ ਕਿਹਾ ਜਾਂਦਾ ਹੈ। ਇਸ ਮਾਮਲੇ ਵਿਚ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਬਿਹਤਰ ਇਜੈਕਸ਼ਨ ਫਰੈਕਸ਼ਨ ਵਾਲੇ ਮਰੀਜ਼ਾਂ ਨੂੰ



ਬਹੁਤ ਜ਼ਿਆਦਾ ਭੋਜਨ ਜਾਂ ਵੱਡੀ ਮਾਤਰਾ ਵਿਚ ਭੋਜਨ ਨਹੀਂ ਖਾਣਾ ਚਾਹੀਦਾ।

ਹਾਈ ਬਲੱਡ ਪ੍ਰੈਸ਼ਰ ਤੋਂ ਗ੍ਰਸਤ ਦਿਲ ਦੀ ਬੀਮਾਰੀ ਇਕ ਹੋਰ ਆਮ ਕਾਰਨ ਹੈ। ਗਠੀਏ ਦੀ ਦਿਲ ਦੀ ਬਿਮਾਰੀ ਇਕ ਅਜਿਹੀ ਸਥਿਤੀ ਹੈ ਜਿਸ ਵਿਚ ਗਠੀਏ ਦੇ ਬੁਖਾਰ ਕਾਰਨ ਦਿਲ ਦੇ ਵਾਲਵ ਸਥਾਈ ਤੌਰ 'ਤੇ ਖਰਾਬ ਹੋ ਜਾਂਦੇ ਹਨ। ਗਠੀਏ ਦਾ ਬੁਖਾਰ ਇਕ ਸੋਜਸ਼ ਵਾਲੀ ਬੀਮਾਰੀ ਹੈ ਜੋ ਬਹੁਤ ਸਾਰੇ ਜੋੜਨ ਵਾਲੇ ਟਿਸ਼ੂਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ, ਖਾਸ ਕਰ ਕੇ ਦਿਲ ਵਿਚ। ਇਲਾਜ ਨਾ ਕੀਤੀ ਗਈ ਜਾਂ ਘੱਟ ਇਲਾਜ ਕੀਤੀ ਗਈ ਸਟ੍ਰੈਪ ਇਨਫੈਕਸ਼ਨ ਇਕ ਵਿਅਕਤੀ ਨੂੰ ਵਧੇਰੇ ਜੋਖਮ ਵਿਚ ਪਾਉਂਦੀ ਹੈ।

ਐਚ ਐਫ ਇਲਾਜ ਕਰਦੇ ਸਮੇਂ ਇਹ ਨਿਰਧਾਰਤ ਕਰਨਾ ਮਹੱਤਵਪੂਰਨ ਹੁੰਦਾ ਹੈ ਕਿ ਇਹ ਸਾਹ ਚੜ੍ਹਨਾ ਹੈ ਜਾਂ ਪੁਰਾਣੀ ਰੁਕਾਵਟ ਵਾਲੇ ਫੇਫੜਿਆਂ ਦੀ ਬੀਮਾਰੀ (ਕ੍ਰੋਨਿਕ ਆਬਸਟ੍ਰੱਕਟਿਵ ਲੰਗ ਡਿਜ਼ੀਜ਼/ਸੀ. ਓ. ਐਲ. ਡੀ.) ਹੈ। ਅਸੀਂ ਦੋਵਾਂ ਵਿਚਕਾਰ ਕਈ ਤਰੀਕਿਆਂ ਨਾਲ ਫਰਕ ਕਰ ਸਕਦੇ ਹਾਂ, ਜਿਵੇਂ ਕਿ ਬੈੱਡਸਾਈਡ ਈਕੋ-ਕਾਰਡੀਓਗ੍ਰਾਮ, ਛਾਤੀ ਦਾ ਐਕਸ-ਰੇ ਅਤੇ ਐੱਨ ਟੀ ਪ੍ਰੋ ਬੀ, ਐਨ ਪੀ ਪ੍ਰੋ। ਇਹ ਦੋਵੇਂ ਬਹੁਤ ਹੀ ਸੰਵੇਦਨਸ਼ੀਲ ਹਨ ਅਤੇ ਜੇਕਰ ਇਹ ਵਧੇ ਹੋਏ ਹਨ ਤਾਂ ਇਹ ਦਿਲ ਦੀ ਅਸਫਲਤਾ ਦੇ ਲੱਛਣਾਂ ਅਤੇ ਸੰਕੇਤਾਂ ਨੂੰ ਦਰਸਾਉਂਦੇ ਹਨ। ਇਹ ਆਮ ਤੌਰ 'ਤੇ ਮੱਧ-ਉਮਰ ਅਤੇ ਬਜ਼ੁਰਗ ਵਿਅਕਤੀਆਂ ਵਿਚ ਹੁੰਦਾ ਹੈ। ਦੁਖਾਂਤ ਇਹ ਹੈ ਕਿ ਸਾਡੇ ਦੇਸ਼ ਵਿਚ ਅਸੀਂ ਇਸ ਨੂੰ ਘੱਟ ਉਮਰ ਸਮੂਹਾਂ ਦੇ ਮਰੀਜ਼ਾਂ ਵਿਚ ਵੀ ਦੇਖਦੇ ਹਾਂ। ਕਈ ਵਾਰ ਸਾਨੂੰ 21 ਸਾਲ ਦੀ ਉਮਰ ਵਿਚ ਵੀ ਦਿਲ ਦੇ ਦੌਰੇ ਦੇ ਮਰੀਜ਼ ਮਿਲਦੇ ਹਨ।

ਇੱਥੇ ਮੈਂ ਇਹ ਦੱਸਣਾ ਚਾਹਾਂਗਾ ਕਿ ਸਾਡੇ ਮਰੀਜ਼ ਹਸਪਤਾਲ ਬਹੁਤ ਦੇਰ ਨਾਲ ਆਉਂਦੇ ਹਨ ਅਤੇ ਸਿਫਾਰਸ਼ ਅਨੁਸਾਰ ਨਹੀਂ, ਭਾਵ ਵੱਧ ਤੋਂ ਵੱਧ 2 ਤੋਂ 3 ਘੰਟਿਆਂ ਅੰਦਰ। ਕਈ ਵਾਰ, ਐਚ ਐਫ ਰੁਕਾਵਟ ਵਾਲੀ ਨੀਂਦ ਦੀ ਬੀਮਾਰੀ ਨਾਲ ਜੁੜਿਆ ਹੁੰਦਾ ਹੈ ਅਤੇ ਇਸ ਲਈ ਰਾਤ ਦੀ ਨੀਂਦ ਦੇ ਵਿਸ਼ਲੇਸ਼ਣ ਦੀ ਲੋੜ ਹੁੰਦੀ ਹੈ। ਅਸੀਂ ਭਾਰਤੀ ਕਿਸੇ ਹੋਰ ਦੇਸ਼ ਨਾਲੋਂ ਇਸਕੈਮਿਕ ਦਿਲ ਦੀ ਬੀਮਾਰੀ ਤੋਂ ਜ਼ਿਆਦਾ ਪੀੜਤ ਹਾਂ। ਇਸ ਦਾ ਕਾਰਨ ਚਾਰ ਬਹੁਤ ਹੀ ਮਾੜੇ ਜੀਵਨ-ਸ਼ੈਲੀ ਸੋਧ ਉਪਾਅ ਹਨ ਜਿਵੇਂ ਕਿ ਅਸੀਂ ਬਹੁਤ ਜ਼ਿਆਦਾ ਖਾਦੇ ਹਾਂ ਅਤੇ ਇਸ ਵਿਚ ਪਰੌਂਠਾ ਅਤੇ ਸਮੋਸੇ ਆਦਿ ਵਰਗੇ ਡੂੰਘੇ ਤਲੇ ਹੋਏ ਭੋਜਨ ਸ਼ਾਮਲ ਹਨ ਅਤੇ ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਨਾ ਸਿਰਫ ਮਾੜੀਆਂ ਹਨ, ਸਗੋਂ ਉਨ੍ਹਾਂ ਵਿਚ ਫਾਈਬਰ ਵੀ ਘੱਟ ਹੈ, ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਘਾਟ ਹੈ ਅਤੇ ਤਲੇ ਹੋਏ ਭੋਜਨ ਸ਼ਾਮਲ ਹਨ ਅਤੇ ਫਿਰ ਅਸੀਂ ਬਹੁਤ ਘੱਟ ਕਸਰਤ ਕਰਦੇ ਹਾਂ। ਸਾਡੇ ਵਿਚੋਂ ਜ਼ਿਆਦਾਤਰ ਲੋਕ ਕਸਰਤ ਨਹੀਂ ਕਰਦੇ। ਬਹੁਤ ਸਾਰੇ ਲੋਕ ਸਿਗਰਟ ਪੀਂਦੇ ਹਨ ਅਤੇ ਇਹ ਛੋਟੀ ਉਮਰ ਵਿਚ ਦਿਲ ਦੇ ਦੌਰੇ ਦਾ ਇਕ ਬਹੁਤ ਹੀ ਆਮ ਕਾਰਨ ਹੈ। ਨਾਲ ਹੀ, ਸਮਾਜ ਵਿਚ ਮੋਟਾਪਾ ਬਹੁਤ ਵਧ ਗਿਆ ਹੈ, ਕਈ ਵਾਰ ਇਹ ਮੰਨਿਆ ਜਾਂਦਾ ਹੈ ਕਿ ਇਹ ਦਿਲ ਨਾਲ ਸਬੰਧਤ ਨਹੀਂ।

ਅਤੇ ਦੇਰੀ ਦਿਲ ਨੂੰ ਬਹੁਤ ਨੁਕਸਾਨ ਪਹੁੰਚਾਉਂਦੀ ਹੈ। ਯਾਦ ਰੱਖੋ ਕਿ ਪਹਿਲੇ 2-3 ਘੰਟਿਆਂ ਨੂੰ ਗੋਲਡਨ ਆਵਰ (ਸੁਨਹਿਰੀ ਸਮਾਂ) ਕਿਹਾ ਜਾਂਦਾ ਹੈ। ਬਦਕਿਸਮਤੀ ਨਾਲ ਬਹੁਤ ਸਾਰੇ ਮਰੀਜ਼ ਬਹੁਤ ਦੇਰ ਨਾਲ ਪਹੁੰਚਦੇ ਹਨ, ਕਈ ਵਾਰ 6 ਤੋਂ 12 ਘੰਟਿਆਂ ਬਾਅਦ, ਭਾਵ ਕਿ ਦਿਲ ਦੀਆਂ ਮਾਸਪੇਸ਼ੀਆਂ ਨੂੰ ਪੂਰੀ ਤਰ੍ਹਾਂ ਨੁਕਸਾਨ ਪੁੱਜਣ ਪਿੱਛੋਂ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਮਰੀਜ਼ਾਂ ਨੂੰ ਪਹਿਲੇ 2-3 ਘੰਟਿਆਂ ਦੇ ਅੰਦਰ ਹਸਪਤਾਲ ਪਹੁੰਚਾਇਆ ਜਾਵੇ ਤਾਂ ਦਿਲ ਦੇ ਦੌਰੇ ਨਾਲ ਹੋਣ ਵਾਲੀਆਂ 50 ਫੀਸਦੀ ਮੌਤਾਂ ਤੋਂ ਬਚਿਆ ਜਾ ਸਕਦਾ ਹੈ।

**ਰਿਤਵਿਕ ਮੁਖਰਜੀ**

# ਵੱਧ ਵਸੋਂ ਤੇ ਸਰੋਤਾਂ ਦਾ ਸੰਤੁਲਨ ਜ਼ਰੂਰੀ



ਡਾ. ਸ. ਸ. ਛੀਨਾ
ਮੋਬਾਇਲ : 7889039596

ਦੁਨੀਆਂ ਦੇ ਕਈ ਵਿਕਸਤ ਦੇਸ਼ ਜਿਵੇਂ ਕੈਨੇਡਾ, ਆਸਟ੍ਰੇਲੀਆ, ਜਰਮਨੀ, ਬ੍ਰਾਜ਼ੀਲ ਅਤੇ ਸਪੇਨ ਵਿੱਚ ਉੱਥੋਂ ਦੀ ਮੂਲ ਵਸੋਂ ਜਾਂ ਸਥਿਰ ਹੈ ਜਾਂ ਘੱਟ ਰਹੀ ਹੈ। ਕੈਨੇਡਾ ਦੀ ਮੂਲ ਵਸੋਂ ਹਰ ਸਾਲ ਇੱਕ ਲੱਖ ਦੇ ਲਗਭਗ ਘਟ ਰਹੀ ਹੈ । ਇਸ ਲਈ ਉੱਥੋਂ ਦੀ ਆਰਥਿਕਤਾ ਵਿੱਚ ਸਥਿਰਤਾ ਲਈ ਉਸ ਦੇਸ਼ ਵੱਲੋਂ ਸਾਲਾਨਾ ਇੱਕ ਲੱਖ ਪਰਵਾਸੀਆਂ ਨੂੰ ਵੀਜ਼ੇ ਦੇ ਕੇ ਬੁਲਾਇਆ ਜਾਂਦਾ ਹੈ। ਇਸੇ ਤਰ੍ਹਾਂ ਹੀ ਆਸਟ੍ਰੇਲੀਆ ਤੇ ਹੋਰ ਦੇਸ਼ਾਂ ਵੱਲੋਂ ਵੀ ਲੋੜੀਂਦੀ ਮਾਤਰਾ ਵਿੱਚ ਵਿਦੇਸ਼ੀਆਂ ਨੂੰ ਬੁਲਾਇਆ ਜਾਂਦਾ ਹੈ। ਪਰ ਇਸ ਦੇ ਉਲਟ ਕੁੱਝ ਵੱਡੀ ਵਸੋਂ ਵਾਲੇ ਦੇਸ਼ ਜਿਵੇਂ ਭਾਰਤ, ਪਾਕਿਸਤਾਨ, ਬੰਗਲਾ ਦੇਸ਼ ਤੇ ਚੀਨ ਆਦਿ ਵਿੱਚ ਵਸੋਂ ਦੇ ਵੱਡੇ ਭਾਰ ਕਰਕੇ ਕਾਫ਼ੀ ਲੋਕ ਪੱਕੇ ਤੌਰ ’ਤੇ ਵਿਦੇਸ਼ਾਂ ਵਿੱਚ ਚਲੇ ਗਏ ਹਨ ।

ਇੱਕ ਅੰਦਾਜ਼ੇ ਅਨੁਸਾਰ ਲਗਪਗ ਇੱਕ ਕਰੋੜ ਭਾਰਤੀ ਹੋਰ ਦੇਸ਼ਾਂ ਵਿੱਚ ਪੱਕੇ ਤੌਰ ’ਤੇ ਪਰਵਾਸ ਕਰ ਗਏ ਹਨ । ਸੰਨ 1947 ਵਿੱਚ ਜਦੋਂ ਭਾਰਤ ਸੁਤੰਤਰ ਹੋਇਆ ਸੀ ਤਾਂ ਇਸ ਦੀ ਵਸੋਂ ਤਕਰੀਬਨ 33 ਕਰੋੜ ਸੀ ਅਤੇ ਉਹ ਭਾਰਤ ਦੇ ਸਾਧਨਾਂ ਦੇ ਅਨੁਕੂਲ ਸੀ । ਫਿਰ ਵੀ ਦੇਸ਼ ਦੀ ਸਰਕਾਰ ਨੇ ਮਹਿਸੂਸ ਕੀਤਾ ਕਿ ਜਿਸ ਰਫਤਾਰ ਨਾਲ ਇਹ ਵਸੋਂ ਵੱਧ ਰਹੀ ਹੈ, ਛੇਤੀ ਹੀ ਇਹ ਸੀਮਤ ਸਾਧਨਾਂ ’ਤੇ ਵੱਡਾ ਭਾਰ ਬਣ ਜਾਵੇਗੀ ਜਿਸ ਨਾਲ ਬੇਰੁਜ਼ਗਾਰਾਂ ਦੀ ਭੀੜ ਵੱਧ ਜਾਵੇਗੀ। ਸਾਧਨਾਂ ਦੀ ਕਮੀ ਹੋਣ ਲੱਗੇਗੀ ਤੇ ਖ਼ੁਰਾਕ ਆਦਿ ਦੀਆਂ ਸਮੱਸਿਆਵਾਂ ਪੈਦਾ ਹੋ ਜਾਣਗੀਆਂ । ਇਸ ਗੱਲ ਨੂੰ ਸਾਹਮਣੇ ਰੱਖਦੇ ਹੋਏ ਦੇਸ਼ ਵਿੱਚ ਪਰਿਵਾਰ ਨਿਯੋਜਨ ਦੀ ਨੀਤੀ ਅਪਨਾਈ ਗਈ ਤਾਂ ਜੋ ਵਸੋਂ ਨੂੰ ਸਾਧਨਾਂ ਦੇ ਅਨੁਕੂਲ ਰੱਖਿਆ ਜਾ ਸਕੇ । ਇਸ ਲਈ ਸਿਹਤ ਵਿਭਾਗ ਵਲੋਂ ਵੱਡੇ ਪੈਮਾਨੇ ’ਤੇ ਪ੍ਰਚਾਰ ਕੀਤਾ ਗਿਆ ਅਤੇ ਸ਼ੁਰੂਆਤਾਂ ਪੈਦਾ ਕੀਤੀਆਂ ਗਈਆਂ । ਸੰਨ 1973-74 ਤੋਂ ਬਾਅਦ ਇਸ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਸਿੱਟੇ ਵਜੋਂ ਇਸ ਨੀਤੀ ਲਈ ਨਫ਼ਰਤ ਪੈਦਾ ਹੋਈ ਅਤੇ ਫਿਰ ਕਿਸੇ ਰਾਜਨੀਤਕ ਪਾਰਟੀ ਜਾਂ ਨੇਤਾ ਵੱਲੋਂ ਇਸ ਸੰਬੰਧੀ ਕੋਈ ਬਿਆਨ ਦੇਣਾ ਵੀ ਠੀਕ ਨਾ ਸਮਝਿਆ ਗਿਆ ਅਤੇ ਉਹ ਪਰਿਵਾਰ ਨਿਯੋਜਨ ਦੀ ਨੀਤੀ ਜਿਹੜੀ ਭਾਰਤੀ ਵਸੋਂ ਦੇ ਅਨੁਕੂਲ ਸੀ, ਉਹ ਧੁੰਦਲੀ ਹੋ ਗਈ। ਭਾਰਤ ਅੱਜ ਕੱਲ੍ਹ ਚੀਨ ਨੂੰ ਪਿੱਛੇ ਛੱਡ ਕੇ ਦੁਨੀਆ ਦਾ ਸਭ ਤੋਂ ਵੱਧ ਵਸੋਂ ਵਾਲਾ ਦੇਸ਼ ਬਣ ਚੁੱਕਾ ਹੈ ਜਿੱਥੇ 140 ਕਰੋੜ ਤੋਂ ਵੱਧ ਵਸੋਂ ਹੈ ਅਤੇ ਉਹ ਦੇਸ਼ ਦੇ ਸਾਧਨਾਂ ’ਤੇ ਵੱਡੇ ਭਾਰ ਵਜੋਂ ਵਿਕਾਸ ਨੂੰ ਢਾਹ ਲਾ ਰਹੀ ਹੈ। ਇਸ ਮਸਲੇ ਦੇ ਹੱਲ ਲਈ ਇੱਕ ਯੋਗ ਨੀਤੀ ਦੀ ਜ਼ਰੂਰਤ ਹੈ । ਸੰਨ 1949 ਤੋਂ ਪਹਿਲਾਂ ਚੀਨ ਦੁਨੀਆਂ ਵਿੱਚ ਸਭ ਤੋਂ ਵੱਡੀ ਵਸੋਂ ਵਾਲਾ ਦੇਸ਼ ਸੀ ਪਰ ਬਹੁਤ ਪੱਛੜਿਆ ਹੋਇਆ ਸੀ ।

ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਲੋਕ ਨਸ਼ਾ ਕਰਦੇ ਸਨ ਤੇ ਉਹ ਬੇਰੁਜ਼ਗਾਰੀ ਤੇ ਗਰੀਬੀ ਨਾਲ ਜੂਝ ਰਿਹਾ ਸੀ । ਸੰਨ 1949 ਵਿੱਚ ਕਮਿਊਨਿਸਟ ਪਾਰਟੀ ਦਾ ਰਾਜ ਹੋ ਗਿਆ ਤਾਂ ਉਸ ਪਾਰਟੀ ਜਾਂ ਉਸ ਸਰਕਾਰ ਨੇ ਇਸ ਗੱਲ ਨੂੰ ਬਹੁਤ ਵੱਡੀ ਤਰਜੀਹ ਦਿੱਤੀ ਕਿ ਉਸ ਦੀ ਵਸੋਂ ਉਸ ਦੇ ਸਾਧਨਾਂ ਦੇ ਅਨੁਕੂਲ ਹੋਣੀ ਚਾਹੀਦੀ ਹੈ । ਇਸ ਲਈ ਇੱਕ ਨੀਤੀ ਬਣਾਈ ਗਈ ਅਤੇ ਵਸੋਂ ਨੂੰ 1980 ਤੱਕ ਉਸ ਦੇ ਸਾਧਨਾਂ ਦੇ ਅਨੁਕੂਲ ਕੀਤਾ ਗਿਆ ਅਤੇ ਚੀਨ ਦੁਨੀਆ ਦੀ ਇੱਕ ਵੱਡੀ ਤਾਕਤ ਬਣ ਗਿਆ । ਭਾਰਤ ਵਿੱਚ ਵਸੋਂ ਦੇ ਬੋਝ ਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਦੇਸ਼ ਦੀ ਧਰਾਤਲ ਦਾ ਆਕਾਰ ਸਿਰਫ਼ 24 ਫ਼ੀਸਦੀ ਹੈ ਜਦਕਿ ਵਸੋਂ ਦੁਨੀਆ ਦੀ ਜਨਸੰਖਿਆ ਦਾ 17.6 ਪ੍ਰਤੀਸ਼ਤ ਹੈ । ਇੱਥੋਂ ਤੱਕ ਕਿ ਪਾਣੀ ਦੇ ਸਾਧਨ ਲੋੜਾਂ ਤੋਂ ਕਿਤੇ ਘੱਟ ਹਨ ਅਤੇ ਸਿਰਫ਼ 4 ਫ਼ੀਸਦੀ ਹਨ। ਸੰਨ 1947 ਵਿੱਚ ਪ੍ਰਤੀ ਵਿਅਕਤੀ 3 ਏਕੜ ਜ਼ਮੀਨ ਆਉਂਦੀ ਸੀ ਜਿਹੜੀ ਹੁਣ ਅੱਧੇ ਏਕੜ ਤੋਂ ਵੀ ਥੱਲੇ ਰਹਿ ਗਈ ਹੈ। ਖ਼ੁਰਾਕ ਸਮੱਸਿਆ ਭਾਵੇਂ ਹੱਲ ਹੋ ਗਈ ਹੈ ਪਰ ਅਜੇ ਵੀ ਇਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ । ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਬਹੁਤ ਸਾਰੀਆਂ ਖੇਤੀ ਵਸਤਾਂ ਜਿਵੇਂ ਦਾਲਾਂ ਅਤੇ ਤੇਲ ਬੀਜਾਂ ਦੀ ਦਰਾਮਦ ਕੀਤੀ ਜਾ ਰਹੀ ਹੈ । ਸੰਨ 1950 ਵਿੱਚ ਜਦੋਂ ਦੇਸ਼ ਨੂੰ ਵਿਕਸਤ ਕਰਨ ਲਈ ਪੰਜ ਸਾਲਾ ਯੋਜਨਾਵਾਂ ਅਪਣਾਈਆਂ ਗਈਆਂ ਸਨ, ਉਸ ਵਕਤ ਬੇਰੁਜ਼ਗਾਰੀ ਦੂਰ ਕਰਨ ਲਈ ਟੀਚੇ ਮਿੱਥੇ ਜਾਂਦੇ ਸਨ । ਜਿੰਨੀ ਗਿਣਤੀ ਬੇਰੁਜ਼ਗਾਰਾਂ ਦੀ ਹੁੰਦੀ ਸੀ, ਉਸ ਤੋਂ ਕਿਤੇ ਵੱਧ ਨਵੀਆਂ ਕੱਢੀਆਂ ਜਾਂਦੀਆਂ ਸਨ ਪਰ ਉਸ ਦੇ ਬਾਵਜੂਦ ਜਦੋਂ ਉਸ ਯੋਜਨਾ ਦਾ ਸਮਾਂ ਪੂਰਾ ਹੋ ਜਾਂਦਾ ਸੀ, ਬਜਾਏ ਕਿ ਬੇਰੁਜ਼ਗਾਰੀ ਖ਼ਤਮ ਹੋ ਜਾਵੇ, ਬੇਰੁਜ਼ਗਾਰਾਂ ਦੀ ਗਿਣਤੀ ਪਹਿਲਾਂ ਤੋਂ ਵੀ ਵੱਧ ਹੋ ਜਾਂਦੀ ਸੀ ।

ਖੇਤੀਬਾੜੀ ਭਾਵੇਂ ਮੁੱਖ ਪੇਸ਼ਾ ਸੀ ਜਾਂ ਹੁਣ ਵੀ ਹੈ, ਖੇਤੀ ਸਾਧਨਾਂ ਦੀ ਵਰਤੋਂ ਜ਼ਿਆਦਾਤਰ ਖ਼ੁਰਾਕ ਲੋੜਾਂ ਪੂਰੀਆਂ ਕਰਨ ਲਈ ਕੀਤੀ ਜਾਂਦੀ ਸੀ । ਜਦਕਿ ਵਪਾਰਕ ਵਸਤਾਂ ਜਿਨ੍ਹਾਂ ਨੂੰ ਆਸਾਨੀ ਨਾਲ ਬਰਾਮਦ ਹੋ ਸਕਦੀ ਹੈ ਅਤੇ ਬਾਹਰ ਤੋਂ ਕਮਾਈ ਕੀਤੀ ਜਾ ਸਕਦੀ ਹੈ, ਉਨ੍ਹਾਂ ਵਸਤਾਂ ਦੀ ਕਾਸ਼ਤ ਵੀ ਨਹੀਂ ਸੀ ਕੀਤੀ ਜਾਂਦੀ ਜਾਂ ਹੁਣ ਵੀ ਨਹੀਂ ਕੀਤੀ ਜਾਂਦੀ। ਵਸਤਾਂ ਦੀ ਥੁੜ੍ਹ ਹੈ, ਜ਼ਿਆਦਾ ਵਸਤਾਂ ਦੀ ਵਿਦੇਸ਼ਾ ਤੋਂ ਬਰਾਮਦ ਕਰਨੀ ਪੈਂਦੀ ਹੈ । ਇਹ ਸਭ ਗੱਲਾਂ ਸਾਬਿਤ ਕਰਦੀਆਂ ਹਨ ਕਿ ਦੇਸ਼ ਦੇ ਸਾਧਨ ਦੇਸ਼ ਦੀ ਵਸੋਂ ਤੋਂ ਕਿਤੇ ਘੱਟ ਹਨ । ਸਾਧਨਾਂ ਦਾ ਵਧਾਉਣਾ ਕਿਸੇ ਤਰ੍ਹਾਂ ਵੀ ਆਸਾਨ ਨਹੀਂ, ਖ਼ਾਸ ਕਰਕੇ ਕੁਦਰਤੀ ਸਾਧਨਾਂ ਦੀ ਸੀਮਤ ਪੂਰਤੀ ਨੂੰ ਵਧਾਇਆ ਨਹੀਂ ਜਾ ਸਕਦਾ । ਭੂਮੀ ਦਾ ਆਕਾਰ ਸੀਮਤ ਹੋਣ ਕਰਕੇ ਓਨੀ ਹੀ ਭੂਮੀ ਤੋਂ ਵੱਧ ਉਪਜ ਲੈਣ ਲਈ ਰਸਾਇਣਾਂ ਦੀ ਵਰਤੋਂ ਕਰਨੀ ਪੈ ਰਹੀ ਹੈ । ਉਨ੍ਹਾਂ ਰਸਾਇਣਾਂ ਦੀ ਮਾਤਰਾ ਹਰ ਸਾਲ ਵੱਧਦੀ ਜਾ ਰਹੀ ਹੈ ਜੋ ਧਰਤੀ ਦੀ ਉਪਜਾਊ ਸ਼ਕਤੀ ਨੂੰ ਲਗਾਤਾਰ ਕਮਜ਼ੋਰ ਕਰ ਰਹੇ ਹਨ । ਉਤਪਾਦਨ ਲਾਗਤ ਵਿੱਚ ਵਾਧਾ ਹੋਣਾ ਇੱਕ ਤਰਫ਼ ਹੈ ਪਰ ਉਹ ਰਸਾਇਣ ਲਗਾਤਾਰ ਹਵਾ, ਪਾਣੀ ਅਤੇ ਭੂਮੀ ਵਿੱਚ ਮਿਲ ਕੇ ਖ਼ੁਰਾਕ ਵਿੱਚ ਮਿਲ ਰਹੇ ਹਨ । ਇਸ ਨਾਲ ਕਈ ਸਿਹਤ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਤੇ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ। ਅੱਜ ਕੱਲ੍ਹ ਘੱਟ ਵਸੋਂ ਵਾਲੇ ਦੇਸ਼ ਰਸਾਇਣਾਂ ਦੀ ਵਰਤੋਂ ਤੋਂ ਸੁਚੇਤ ਹੋ ਗਏ ਹਨ ਤੇ ਉਹ ਰਸਾਇਣਾਂ ਨੂੰ ਖੇਤੀ ਵਿੱਚ ਵਰਤਣ ਤੋਂ ਹਟਦੇ ਜਾ ਰਹੇ ਹਨ ਕਿਉਂ ਜੋ ਉਨ੍ਹਾਂ ਕੋਲ ਰਕਬੇ ਦੀ ਕੋਈ ਘਾਟ ਨਹੀਂ ਹੈ ਪਰ ਭਾਰਤ ਵਿੱਚ ਇਹ ਮਜ਼ਬੂਰਨ ਵਰਤੇ ਜਾ ਰਹੇ ਹਨ ।

ਵਸੋਂ ਦੇ ਦੇਸ਼ ਦੇ ਸਾਧਨਾਂ ਨਾਲ ਸੰਬੰਧਤ ਕਈ ਸਿਧਾਂਤ ਬਣੇ ਹਨ ਪਰ ਉਨ੍ਹਾਂ ਵਿੱਚ ਦੋ ਪ੍ਰਮੁੱਖ ਹਨ- ਪਹਿਲਾ ਹੈ ਮਾਲਥਸ ਦਾ ਵਸੋਂ ਸੰਬੰਧੀ ਸਿਧਾਂਤ ਅਤੇ ਦੂਸਰਾ ਹੈ ਵਸੋਂ ਦਾ ਆਦਰਸ਼ਕ ਸਿਧਾਂਤ । ਮਾਲਥਸ ਦੇ ਸਿਧਾਂਤ ਅਨੁਸਾਰ ਵਸੋਂ ਵਿੱਚ ਵਾਧਾ ਜੋ ਮੀਟ੍ਰਿਕ ਦਰ ਜਿਵੇਂ 1,2,4,8 ਆਦਿ ਨਾਲ ਹੁੰਦਾ ਹੈ ਜਦਕਿ ਉਤਪਾਦਨ ਵਿੱਚ ਵਾਧਾ ਗਣਿਤ ਦਰ ਜਿਵੇਂ 1,2,3,4 ਆਦਿ ਨਾਲ ਹੁੰਦਾ ਹੈ। ਇਸ ਕਰਕੇ ਵਸੋਂ ਉਤਪਾਦਾਂ ਤੋਂ ਬਹੁਤ ਜ਼ਿਆਦਾ ਦਰ ਨਾਲ ਵਧਦੀ ਹੈ ਅਤੇ ਜਾ ਇਸ ਦੇ ਵਾਧੇ ’ਤੇ ਰੋਕ ਨਾ ਲਾਈ ਜਾਵੇ ਤਾਂ ਕੁਦਰਤੀ ਕਾਰਨਾਂ ਕਰਕੇ ਵਸੋਂ ’ਤੇ ਰੋਕ ਲੱਗਦੀ ਹੈ ਜਿਵੇਂ ਕਾਲ, ਭੁੱਖਮਰੀ, ਬਿਮਾਰੀਆਂ ਅਤੇ ਥੁੜ੍ਹ ਆਦਿ ।

ਵਸੋਂ ਦੇ ਆਦਰਸ਼ਕ ਸਿਧਾਂਤ ਅਨੁਸਾਰ ਵਸੋਂ ਵਿੱਚ ਵਾਧਾ ਉਸ ਹੱਦ ਤੱਕ ਯੋਗ ਹੈ ਜਿਸ ਹੱਦ ਤੱਕ ਇਸ ਦੇ ਵੱਧਣ ਨਾਲ ਪ੍ਰਤੀ ਇਕਾਈ ਉਤਪਾਦਨ ਵੱਧਦਾ ਜਾਂਦਾ ਹੈ ।



ਚੀਨ ਨੂੰ ਪਿੱਛੇ ਛੱਡ ਕੇ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਚੁੱਕਾ ਹੈ । ਇੱਥੇ 140 ਕਰੋੜ ਤੋਂ ਵੱਧ ਵਸੋਂ ਹੈ ਤੇ ਉਹ ਦੇਸ਼ ਦੇ ਸਰੋਤਾਂ ’ਤੇ ਵੱਡੇ ਭਾਰ ਵਜੋਂ ਵਿਕਾਸ ਨੂੰ ਢਾਹ ਲਾ ਰਹੀ ਹੈ ।

ਇਸ ਦਾ ਅਰਥ ਹੈ ਕਿ ਜੇ ਵਸੋਂ ਦੇ ਵਾਧੇ ਨਾਲ ਖ਼ੁਸ਼ਹਾਲੀ ਵਿੱਚ ਵਾਧਾ ਹੁੰਦਾ ਹੈ ਤਾਂ ਵਸੋਂ ਦਾ ਵਾਧਾ ਸਹੀ ਹੈ ਪਰ ਇਨ੍ਹਾਂ ਦੋਵਾਂ ਹੀ ਸਿਧਾਂਤਾਂ ਅਨੁਸਾਰ ਭਾਰਤ ਦੀ ਵਸੋਂ ਇਸ ਦੇ ਸਾਧਨਾਂ ਤੋਂ ਕਿਤੇ ਜ਼ਿਆਦਾ ਹੈ। ਵਸੋਂ ਅਤੇ ਪ੍ਰਤੀ ਇਕਾਈ ਆਮਦਨ ਵਿੱਚ ਸਾਧਾਰਨ ਤੌਰ ’ਤੇ ਇੱਕ ਸੰਬੰਧ ਹੈ। ਇਨ੍ਹਾਂ ਦੇਸ਼ਾਂ ਦੀ ਵਸੋਂ ਘਣਤਾ ਜ਼ਿਆਦਾ ਹੈ, ਉਨ੍ਹਾਂ ਦੀ ਪ੍ਰਤੀ ਇਕਾਈ ਆਮਦਨ ਘੱਟ ਹੈ । ਭਾਰਤ ਦੀ ਵਸੋਂ ਘਣਤਾ 420 ਵਿਅਕਤੀ ਪ੍ਰਤੀ ਕਿਲੋਮੀਟਰ ਹੈ ਜਦਕਿ ਇਸ ਦੀ ਪ੍ਰਤੀ ਇਕਾਈ ਆਮਦਨ 1670 ਡਾਲਰ ਹੈ ।

ਭਾਵੇਂ ਪ੍ਰਤੀ ਵਿਅਕਤੀ ਆਮਦਨ ਦੇਸ਼ ਦੀ ਸਮੁੱਚੀ ਖੁਸ਼ਹਾਲੀ ਦੀ ਸੂਚਕ ਨਹੀਂ ਪਰ ਫਿਰ ਵੀ ਦੁਨੀਆਂ ਦੇ ਸਭ ਤੋਂ ਵਿਕਸਤ ਦੇਸ਼ ਅਮਰੀਕਾ, ਜਿਸ ਦੀ ਵਸੋਂ ਘਣਤਾ 92 ਹੈ, ਉਸ ਦੀ ਪ੍ਰਤੀ ਵਿਅਕਤੀ ਆਮਦਨ 59531 ਡਾਲਰ ਹੈ ਜੋ ਭਾਰਤ ਤੋਂ 40 ਗੁਣਾ ਦੇ ਲਗਭਗ ਹੈ। ਉਹ ਦੇਸ਼ ਜਿਨ੍ਹਾਂ ਵਿੱਚ ਵੱਡਾ ਉਦਯੋਗੀਕਰਨ ਹੋਇਆ ਹੈ, ਜਿਨ੍ਹਾਂ ਵਿੱਚ ਜਾਪਾਨ, ਜਰਮਨੀ ਅਤੇ ਇੰਗਲੈਂਡ ਆਉਂਦੇ ਹਨ, ਉਨ੍ਹਾਂ ਦੀ ਕਿਸੇ ਵੇਲੇ ਵਸੋਂ ਘਣਤਾ ਭਾਰਤ ਤੋਂ ਵੀ ਵੱਧ ਸੀ । ਉਨ੍ਹਾਂ ਵੱਲੋਂ ਪਰਵਾਸ ਸੰਬੰਧੀ ਸੁਚੇਤ ਹੋ ਕੇ ਵਸੋਂ ਘਣਤਾ ਘਟੀ ਹੈ । ਉੱਥੇ ਉਦਯੋਗਾਂ ਵਿੱਚ ਵੱਡਾ ਵਾਧਾ ਕੀਤਾ ਗਿਆ ਹੈ। ਜਾਪਾਨ ਦੀ ਵਸੋਂ ਘਣਤਾ ਭਾਵੇਂ 336 ਹੈ ਅਤੇ ਭਾਰਤ ਤੋਂ ਥੋੜ੍ਹੀ ਹੀ ਘੱਟ ਹੈ ਪਰ ਜਾਪਾਨ ਵਿੱਚ ਵੱਡੇ ਉਦਯੋਗੀਕਰਨ ਕਰਕੇ ਉੱਥੇ ਦੀ ਪ੍ਰਤੀ ਵਿਅਕਤੀ ਆਮਦਨ 49500 ਡਾਲਰ ਹੈ ਜਿਹੜੀ ਜਰਮਨੀ ਤੋਂ ਥੋੜ੍ਹੀ ਜਿਹੀ ਵੱਧ ਹੈ। ਜਦੋਂ ਜਾਪਾਨ, ਜਰਮਨੀ ਅਤੇ ਇੰਗਲੈਂਡ ਦੀ ਵਸੋਂ ਘਣਤਾ ਭਾਰਤ ਤੋਂ ਵੱਧ ਸੀ ਤਾਂ ਉਸ ਵਕਤ ਉਨ੍ਹਾਂ ਨੇ ਉਦਯੋਗਿਕ ਸਾਧਨਾਂ ਨੂੰ ਵਧਾਉਣ ’ਤੇ ਜ਼ੋਰ ਦਿੱਤਾ ਸੀ ਕਿਉਂ ਜੋ ਕੁਦਰਤੀ ਸਾਧਨਾਂ ਵਿੱਚ ਤਾਂ ਵਾਧਾ ਕਰਨਾ ਸੰਭਵ ਨਹੀਂ ਸੀ । ਸੋ, ਸਾਧਨਾਂ ਅਤੇ ਵਸੋਂ ਦਾ ਗੂੜ੍ਹਾ ਸੰਬੰਧ ਹੋਣ ਕਰਕੇ ਉਨ੍ਹਾਂ ਨੇ ਖ਼ੁਸ਼ਹਾਲੀ ਪੈਦਾ ਕੀਤੀ । ਇਹ ਭਾਰਤ ਦੇ ਸਿਆਸੀ ਨੇਤਾਵਾਂ ਦੇ ਜ਼ਿੰਮੇ ਲੱਗਦਾ ਹੈ ਕਿ ਉਹ ਵਸੋਂ ਦੇ ਤੇਜ਼ ਵਾਧੇ ਸੰਬੰਧੀ ਸੁਚੇਤ ਹੋ ਕੇ ਵਸੋਂ ਸੰਬੰਧੀ ਇੱਕ ਢੁੱਕਵੀਂ ਨੀਤੀ ਅਪਣਾਉਣ ਤਾਂ ਕਿ ਸਾਧਨਾਂ ਦੇ ਅਨੁਕੂਲ ਵਸੋਂ ਆਕਾਰ ਬਣੇ ।

# ਸ਼ਹਿਦ ਦੀਆਂ ਮੱਖੀਆਂ ਦਾ ਸਫਲ ਪਾਲਕ ਜਗਸੀਰ ਸਿੰਘ

ਜਗਸੀਰ ਸਿੰਘ ਜ਼ਿਲ੍ਹਾ ਮਾਨਸਾ ਦੇ ਪਿੰਡ ਭੈਣੀ ਬਾਘਾ ਦੇ ਰਹਿਣ ਵਾਲੇ ਸਨ । ਆਪਣੀ ਬੀ.ਏ. ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਨੇ ਖੇਤੀਬਾੜੀ ਨੂੰ ਜੀਵਿਕਾ ਦੇ ਸਾਧਨ ਵਜੋਂ ਚੁਣਿਆ ਪਰ ਬਹੁਤ ਥੋੜ੍ਹੀ ਜ਼ਮੀਨ ਹੋਣ ਕਰਕੇ ਉਹ ਆਪਣੇ ਪਰਿਵਾਰ ਦੀਆਂ ਮੂਲ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਮੁਸ਼ਕਿਲ ਮਹਿਸੂਸ ਕਰਦੇ ਰਹੇ । ਇਸ ਕਾਰਨ ਉਨ੍ਹਾਂ ਨੇ ਖੇਤੀਬਾੜੀ ਦੇ ਨਾਲ-ਨਾਲ ਕੋਈ ਹੋਰ ਸਹਾਇਕ ਧੰਦਾ ਸ਼ੁਰੂ ਕਰਨ ਬਾਰੇ ਸੋਚਿਆ । ਉਨ੍ਹਾਂ ਨੇ ਕਈ ਕਿਸਮਾਂ ਦੇ ਕੰਮ ਅਜ਼ਮਾਏ, ਪਰ ਕਾਮਯਾਬੀ ਨਾ ਮਿਲ ਸਕੀ । ਇੱਕ ਦਿਨ ਦੋਸਤਾਂ ਨਾਲ ਬੈਠੇ ਹੋਏ ਉਨ੍ਹਾਂ ਨੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ ਤਾਂ ਉਨ੍ਹਾਂ ਦੇ ਇੱਕ ਦੋਸਤ, ਜੋ ਮਧੂ-ਮੱਖੀ ਪਾਲਕ ਹੈ, ਨੇ ਉਨ੍ਹਾਂ ਨੂੰ ਮਧੂ ਮੱਖੀਆਂ ਪਾਲਣ ਦੀ ਸ਼ੁਰੂਆਤ ਕਰਨ ਦੀ ਸਲਾਹ ਦਿੱਤੀ। ਦੋਸਤ ਦੀ ਸਲਾਹ ’ਤੇ ਅਮਲ ਕਰਦੇ ਹੋਏ ਜਗਸੀਰ ਸਿੰਘ ਨੇ 2016 ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ (ਕੇ. ਵੀ. ਕੇ.), ਖੋਖਰ ਖੁਰਦ, ਮਾਨਸਾ ਵਿਖੇ ਮਧੂ ਮੱਖੀ ਪਾਲਣ ਦੀ ਮੁੱਢਲੀ ਸਿਖਲਾਈ ਲਈ, ਜਿਸ ਵਿੱਚ ਉਨ੍ਹਾਂ ਨੇ ਮਧੂ ਮੱਖੀ ਪਾਲਣ ਦੇ ਵਿਗਿਆਨਕ ਢੰਗ-ਤਰੀਕੇ ਜਿਵੇਂ ਕਟੁੰਬਾਂ ਦੀ ਮੌਸਮੀ ਸਾਂਭ-ਸੰਭਾਲ, ਕਟੁੰਬਾਂ ਦੀ ਵੰਡ, ਰਾਣੀ ਮੱਖੀ ਤਿਆਰ ਕਰਨਾ, ਮਾਈਟ ਦਾ ਨਿਯੰਤਰਣ ਆਦਿ ਦੇ ਬਾਰੇ ਜਾਣਕਾਰੀ ਹਾਸਿਲ ਕੀਤੀ । ਉਨ੍ਹਾਂ ਨੇ 2017 ਵਿੱਚ 40 ਕਟੁੰਬਾਂ ਦੇ ਨਾਲ ਆਪਣਾ ਮਧੂ ਮੱਖੀ ਪਾਲਣ ਦਾ ਸਫ਼ਰ ਸ਼ੁਰੂ ਕੀਤਾ । ਸ਼ੁਰੂਆਤ ਵਿੱਚ ਕਈ ਚੁਣੌਤੀਆਂ ਆਈਆਂ ਪਰ ਕੇ.ਵੀ.ਕੇ. ਦੇ ਵਿਗਿਆਨੀਆਂ ਤੋਂ ਮਿਲੀ ਨਿਯਮਿਤ ਅਗਵਾਈ ਤੇ ਸਹਾਇਤਾ ਨਾਲ ਉਨ੍ਹਾਂ ਨੇ ਸਭ ਮੁਸ਼ਕਿਲਾਂ ’ਤੇ ਕਾਬੂ ਪਾ ਲਿਆ । ਅੱਜ ਉਹ 500 ਕਟੁੰਬਾਂ ਨਾਲ ਆਪਣਾ ਕੰਮ ਕਰ ਰਹੇ ਹਨ ਤੇ ਸਾਲਾਨਾ ਲਗਭਗ ਇੱਕ ਟਨ ਸ਼ਹਿਦ ਦਾ ਉਤਪਾਦਨ ਕਰਦੇ ਹਨ । ਇਸ ਤੋਂ ਇਲਾਵਾ ਉਹ ਵੰਡੇ ਹੋਏ ਕਟੁੰਬ ਅਤੇ ਮੋਮ ਵੇਚ ਕੇ ਵੀ ਇੱਕ ਵਾਧੂ ਆਮਦਨ ਕਮਾ ਲੈਂਦੇ ਹਨ । ਮਧੂ-ਮੱਖੀ ਪਾਲਣ ਵਿੱਚ ਲੱਗਣ ਵਾਲੇ ਖੰਡ, ਰਸਾਇਣ, ਮਾਈਗ੍ਰੇਸ਼ਨ ਅਤੇ ਮਜ਼ਦੂਰੀ ਵਰਗੇ ਖਰਚੇ ਕੱਢ ਕੇ ਵੀ ਉਹ ਨੂੰ ਇਸ ਧੰਦੇ ਤੋਂ ਬਹੁਤ ਵਧੀਆ ਆਮਦਨ ਲੈ ਲੈਂਦੇ ਹਨ ।

ਜਗਸੀਰ ਸਿੰਘ ਨੇ ਹੌਲੀ-ਹੌਲੀ ਇਹ ਵੀ ਜਾਣਿਆ ਕਿ ਸ਼ਹਿਦ ਦੇ ਨਾਲ-ਨਾਲ ਮਧੂ ਮੱਖੀ ਦੇ ਹੋਰ ਉਤਪਾਦਾਂ ਜਿਵੇਂ ਪੋਲਨ, ਪ੍ਰੋਪੋਲਿਸ, ਮੋਮ, ਰਾਇਲ ਜੈਲੀ ਅਤੇ ਮੱਖੀ ਜ਼ਹਿਰ ਵੇਚ ਕੇ ਇਸ ਕਿੱਤੇ ਨੂੰ ਹੋਰ ਵੀ ਲਾਭਕਾਰੀ ਬਣਾਇਆ ਜਾ ਸਕਦਾ ਹੈ । ਉਹ ਹੁਣ ਫੁੱਲਦਾਰ ਸਰੋਤਾਂ ਦੀ ਉਪਲਬਧਤਾ ਦੇ ਅਨੁਸਾਰ ਆਪਣੇ ਕਟੁੰਬਾਂ ਨੂੰ ਵੱਖ-ਵੱਖ ਥਾਵਾਂ ’ਤੇ ਲੈ ਕੇ ਜਾਂਦੇ ਹਨ। ਇਸ ਨਾਲ ਉਹ ਸਾਰਾ ਸਾਲ ਸ਼ਹਿਦ ਦਾ ਉਤਪਾਦਨ ਕਰਦੇ ਹਨ। ਉਦਾਹਰਨ ਵਜੋਂ ਉਹ ਨਵੰਬਰ ਤੋਂ ਫ਼ਰਵਰੀ ਤੱਕ ਸਰ੍ਹੋਂ ਦੇ ਸ਼ਹਿਦ ਲਈ ਆਪਣੇ ਕਟੁੰਬਾਂ ਨੂੰ ਰਾਜਸਥਾਨ ਲਿਜਾਂਦੇ ਹਨ, ਜੂਨ ਤੋਂ ਜੁਲਾਈ ਤੱਕ ਮਲਟੀਫ਼ਲੋਰਾ ਸ਼ਹਿਦ ਲਈ ਪੰਜਾਬ ਦੇ ਹੁਸ਼ਿਆਰਪੁਰ ਅਤੇ ਅਕਤੂਬਰ ਵਿੱਚ ਬੇਰ ਦੇ ਸ਼ਹਿਦ ਲਈ ਹਨੂਮਾਨਗੜ੍ਹ ਲਿਜਾਂਦੇ ਹਨ । ਜਗਸੀਰ ਸਿੰਘ ਨੌਜਵਾਨਾਂ ਨੂੰ ਮਧੂ ਮੱਖੀ ਪਾਲਣ ਦੇ ਕਿੱਤੇ ਨੂੰ ਅਪਣਾਉਣ ਦੀ ਸਲਾਹ ਦਿੰਦੇ ਹਨ ਕਿਉਕਿ ਇਸ ਲਈ ਘੱਟ ਸ਼ੁਰੂਆਤੀ ਨਿਵੇਸ਼ ਦੀ ਲੋੜ ਹੁੰਦੀ ਹੈ ਅਤੇ ਇਹ ਗੈਰ-ਖੇਤੀਬਾੜੀ ਜ਼ਮੀਨ ’ਤੇ ਵੀ ਘੱਟ ਮਿਹਨਤ ਨਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਕਿੱਤੇ ਨੂੰ ਕਰਨ ਤੋਂ ਪਹਿਲਾਂ ਨੌਜਵਾਨ ਵਿਗਿਆਨਕ ਮਧੂ ਮੱਖੀ ਪਾਲਣ ਦੇ ਤਰੀਕੇ ਸਿੱਖਣ ਲਈ ਆਪਣੇ ਜ਼ਿਲ੍ਹੇ ਦੇ ਕੇ.ਵੀ.ਕੇ. ਤੋਂ ਮੁਢਲੀ ਸਿਖਲਾਈ ਜ਼ਰੂਰ ਲੈਣ ।

ਆਪਣੇ ਸਫ਼ਲ ਮੱਧੂ ਮੱਖੀ ਪਾਲਣ ਕਿੱਤੇ ਰਾਹੀਂ ਜਗਸੀਰ ਸਿੰਘ ਨੇ ਨਾ ਸਿਰਫ਼ ਆਪਣੇ ਪਰਿਵਾਰ ਦੀ ਸੰਭਾਲ ਕੀਤੀ ਹੈ, ਸਗੋਂ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਵੀ ਦਿਵਾਈ ਹੈ, ਜੋ ਕੇਵਲ ਖੇਤੀ ਦੀ ਆਮਦਨ ਨਾਲ ਸੰਭਵ ਨਹੀਂ ਸੀ। ਉਨ੍ਹਾਂ ਦੀ ਕਾਮਯਾਬੀ ਨੇ ਪਿੰਡ ਦੇ ਹੋਰ ਨੌਜਵਾਨਾਂ ਨੂੰ ਵੀ ਮਧੂ ਮੱਖੀ ਪਾਲਣ ਵੱਲ ਪ੍ਰੇਰਿਤ ਕੀਤਾ ਹੈ, ਜਿਨ੍ਹਾਂ ਵਿੱਚੋਂ ਕਈਆਂ ਨੇ ਸਫ਼ਲਤਾ ਹਾਸਿਲ ਕੀਤੀ ਹੈ। ਜਗਸੀਰ ਦੀ ਕਹਾਣੀ ਇਹ ਦਰਸਾਉਂਦੀ ਹੈ ਕਿ ਵਿਗਿਆਨਕ ਅਤੇ ਸੁਚੱਜੇ ਢੰਗ ਨਾਲ ਕੀਤਾ ਗਿਆ ਮਧੂ ਮੱਖੀ ਪਾਲਣ ਇੱਕ ਲਾਭਕਾਰੀ ਤੇ ਟਿਕਾਊ ਜੀਵਿਕਾ ਦਾ ਸਾਧਨ ਬਣ ਸਕਦਾ ਹੈ ।

*ਰਣਵੀਰ ਸਿੰਘ, ਅਜੀਤਪਾਲ ਸਿੰਘ ਧਾਲੀਵਾਲ, ਤੇਜਪਾਲ ਸਿੰਘ ਸਰਾਂ, ਕ੍ਰਿਸ਼ੀ ਵਿਗਿਆਨ ਕੇਂਦਰ (ਕੇ. ਵੀ. ਕੇ.), ਖੋਖਰ ਖੁਰਦ, ਮਾਨਸਾ*

# ਵਧੇਰੇ ਮੁਨਾਫ਼ੇ ਲਈ ਸਬਜ਼ੀਆਂ ਦੀ ਬਹੁ-ਫ਼ਸਲੀ ਪ੍ਰਣਾਲੀ ਅਪਣਾਓ

ਸਬਜ਼ੀਆਂ ਦੀ ਪੈਦਾਵਾਰ ਵਧਾਉਣ ਲਈ ਸਾਨੂੰ ਪ੍ਰਤੀ ਇਕਾਈ ਰਕਬੇ ਵਿੱਚੋਂ ਵਧੇਰੇ ਉਤਪਾਦਨ ਲੈਣ ਵਾਲੀਆਂ ਸਿਫ਼ਾਰਸ਼ਾਂ ਅਤੇ ਤਕਨੀਕਾਂ ਅਪਣਾਉਣ ਦੀ ਲੋੜ ਹੈ। ਇਨ੍ਹਾਂ ਸੁਧਰੀਆਂ ਤਕਨੀਕਾਂ ਨੂੰ ਅਪਨਾਉਂਦੇ ਹੋਏ ਜੇਕਰ ਸਬਜ਼ੀਆਂ ਦੀ ਬਹੁ-ਫ਼ਸਲੀ ਪ੍ਰਣਾਲੀ ਨੂੰ ਅਪਣਾ ਲਿਆ ਜਾਵੇ ਤਾਂ ਸਬਜ਼ੀਆਂ ਦੀ ਮੰਗ ਅਤੇ ਉਤਪਾਦਨ ਵਿਚਲਾ ਪਾੜਾ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

ਮਨਜੀਤ ਸਿੰਘ, ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ

**ਸਬਜ਼ੀਆਂ ਦੀ ਬਹੁ-ਫ਼ਸਲੀ ਪ੍ਰਣਾਲੀ** : ਸਬਜ਼ੀਆਂ ਦੀ ਬਹੁ-ਫ਼ਸਲੀ ਪ੍ਰਣਾਲੀ ਵਿੱਚ ਜ਼ਮੀਨ ਦੇ ਇੱਕੋ ਟੁਕੜੇ 'ਤੇ ਦੋ ਤੋਂ ਵੱਧ ਸਬਜ਼ੀਆਂ ਅੱਗੜ-ਪਿੱਛੜ ਉਗਾਈਆਂ ਜਾਂਦੀਆਂ ਹਨ। ਬਹੁਤ ਸਾਰੀਆਂ ਸਬਜ਼ੀਆਂ ਦੀਆਂ ਫ਼ਸਲਾਂ ਥੋੜ੍ਹੇ ਸਮੇਂ ਦੀਆਂ ਹੀ ਹੁੰਦੀਆਂ ਹਨ ਤੇ ਇਹ ਸਬਜ਼ੀਆਂ ਫ਼ਸਲ ਚੱਕਰਾਂ ਵਿੱਚ ਮੇਚ ਆ ਜਾਂਦੀਆਂ ਹਨ। ਇਸ ਤਰ੍ਹਾਂ ਪ੍ਰਤੀ ਇਕਾਈ ਸਮੇਂ ਅਤੇ ਥਾਂ ਵਿੱਚੋਂ ਵਧੇਰੇ ਪੈਦਾਵਾਰ ਲਈ ਜਾ ਸਕਦੀ ਹੈ। ਇਸ ਤੋਂ ਇਲਾਵਾ ਬਹੁ-ਫ਼ਸਲੀ ਪ੍ਰਣਾਲੀ ਅਪਨਾਉਣ ਨਾਲ ਕਿਸਾਨ ਨੂੰ ਹੋਰ ਵੀ ਫ਼ਾਇਦੇ ਹੁੰਦੇ ਹਨ, ਜਿਵੇਂ ਕਿ ਪ੍ਰਤੀ ਇਕਾਈ ਖੇਤਰ ਵਿੱਚੋਂ ਵਧੇਰੇ ਆਮਦਨ, ਸਾਰਾ ਸਾਲ ਰੁਜ਼ਗਾਰ ਮਿਲਣਾ, ਖਾਦਾਂ ਦੀ ਸੰਤੁਲਿਤ ਵਰਤੋਂ ਅਤੇ ਫ਼ਸਲਾਂ ਦੀ ਅਦਲਾ-ਬਦਲੀ ਕਰ ਕੇ ਮਿੱਟੀ ਸਿਹਤ ਬਰਕਰਾਰ ਰਹਿਣਾ, ਕੁਦਰਤੀ ਸੋਮਿਆਂ ਦੀ ਸੁਚੱਜੀ ਵਰਤੋਂ ਅਤੇ ਸਮੇਂ ਤੇ ਸਰਮਾਏ ਦੀ ਸੁਚੱਜੀ ਵਰਤੋਂ ਆਦਿ। ਸਬਜ਼ੀਆਂ ਦੀ ਬਹੁ-ਫ਼ਸਲੀ ਪ੍ਰਣਾਲੀ ਦੀ ਸਫ਼ਲਤਾ ਕਿਸਮਾਂ ਅਤੇ ਦੋਗਲੇ ਬੀਜਾਂ ਦੀ ਚੋਣ, ਬਿਜਾਈ ਦੇ ਢੰਗ, ਸਮੇਂ ਦੀ ਤਰਤੀਬ, ਦੇਸੀ ਅਤੇ ਰਸਾਇਣਕ ਖਾਦਾਂ ਦੀ ਸਰਵਪੱਖੀ ਵਰਤੋਂ, ਪਾਣੀ ਦੀ ਸਹੂਲਤ ਅਤੇ ਸੁਚੱਜੀ ਵਰਤੋਂ, ਨਦੀਨਾਂ, ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਸਹੀ ਰੋਕਥਾਮ ਅਤੇ ਸਮੇਂ ਸਿਰ ਕਟਾਈ, ਫ਼ਸਲੀ ਰਹਿੰਦ-ਖੂੰਹਦ ਦੀ ਸਹੀ ਵਰਤੋਂ ਅਤੇ ਸਬਜ਼ੀਆਂ ਦੇ ਸੁਚੱਜੇ ਮੰਡੀਕਰਨ ਤੇ ਨਿਰਭਰ ਕਰਦੀ ਹੈ।

ਹੇਠਲੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ :

1. ਉਹ ਸਬਜ਼ੀਆਂ ਜਿਨ੍ਹਾਂ ਨੂੰ ਇੱਕੋ ਤਰ੍ਹਾਂ ਦੇ ਕੀੜੇ-ਮਕੌੜੇ ਜਾਂ ਬਿਮਾਰੀਆਂ ਲੱਗਦੀਆਂ ਹਨ ਜਿਵੇਂ ਕਿ ਟਮਾਟਰ ਤੇ ਮਿਰਚਾਂ, ਉਨ੍ਹਾਂ ਨੂੰ ਫ਼ਸਲ ਪ੍ਰਣਾਲੀ ਵਿੱਚ ਇਕੱਠਿਆਂ ਜਾਂ ਅੱਗੜ-ਪਿੱਛੜ ਨਹੀਂ ਬੀਜਣਾ ਚਾਹੀਦਾ।

2. ਘੱਟ ਡੂੰਘੀਆਂ ਜੜ੍ਹਾਂ ਵਾਲੀਆਂ ਸਬਜ਼ੀਆਂ ਨੂੰ ਡੂੰਘੀਆਂ ਜੜ੍ਹਾਂ ਵਾਲੀਆਂ ਸਬਜ਼ੀਆਂ ਤੋਂ ਬਾਅਦ ਬੀਜਣਾ ਚਾਹੀਦਾ ਹੈ ਤਾਂ ਜੋ ਸਬਜ਼ੀਆਂ ਮਿੱਟੀ ਦੀਆਂ ਸਾਰੀਆਂ ਪਰਤਾਂ ਵਿੱਚੋਂ ਤੱਤ ਲੈ ਸਕਣ।

3. ਫ਼ਲੀਦਾਰ ਸਬਜ਼ੀਆਂ ਜਿਵੇਂ ਕਿ ਮਟਰ, ਲੋਬੀਆ ਨੂੰ ਬਹੁ-ਫ਼ਸਲੀ ਪ੍ਰਣਾਲੀ ਵਿੱਚ ਸ਼ਾਮਿਲ ਕਰਨਾ ਬਹੁਤ ਲਾਹੇਵੰਦ ਰਹਿੰਦਾ ਹੈ ਕਿਉਂਕਿ ਇਹ ਫ਼ਸਲਾਂ ਵਾਯੂਮੰਡਲ ਵਿੱਚੋਂ ਨਾਈਟ੍ਰੋਜਨ ਲੈ ਕੇ ਜ਼ਮੀਨ ਵਿੱਚ ਇਕੱਠੀ ਕਰਦੀਆਂ ਹਨ, ਜਿਸ ਦਾ ਲਾਭ ਬਾਅਦ ਵਿੱਚ ਬੀਜੀਆਂ ਜਾਣ ਵਾਲੀਆਂ ਗੈਰ-ਫ਼ਲੀਦਾਰ ਸਬਜ਼ੀਆਂ ਨੂੰ ਹੁੰਦਾ ਹੈ।

**ਵੱਖੋ-ਵੱਖਰੇ ਢੰਗ** : ਜਿਵੇਂ ਕਿ ਫ਼ਸਲੀ ਚੱਕਰ, ਅੱਗੜ-ਪਿੱਛੜ ਜਾਂ ਨਾਲ-ਨਾਲ ਫ਼ਸਲ ਪ੍ਰਣਾਲੀ, ਅਟੁੱਟਵੀਂ ਫ਼ਸਲ ਪ੍ਰਣਾਲੀ, ਬਹੁ-ਪਰਤੀ ਪ੍ਰਣਾਲੀ ਅਤੇ ਅੰਤਰ-ਫ਼ਸਲੀ ਪ੍ਰਣਾਲੀ ਵਰਤੇ ਜਾਂਦੇ ਹਨ।

**ਫ਼ਸਲੀ-ਚੱਕਰ** : ਇਸ ਪ੍ਰਣਾਲੀ ਵਿੱਚ ਇੱਕ ਤੋਂ ਵੱਧ ਫ਼ਸਲਾਂ ਇੱਕ ਤੋਂ ਬਾਅਦ ਇੱਕ ਕਰਕੇ ਜ਼ਮੀਨ ਦੇ ਇੱਕੋ ਟੁਕੜੇ 'ਤੇ ਇੱਕ ਸਾਰ ਸਾਲ ਵਿੱਚ ਉਗਾਈਆਂ ਜਾਂਦੀਆਂ ਹਨ। ਮੰਡੀਕਰਨ ਦੇ ਹਿਸਾਬ ਨਾਲ ਪੀ.ਏ.ਯੂ. ਵੱਲੋਂ ਹੇਠ ਲਿਖੇ ਫ਼ਸਲੀ ਚੱਕਰ ਸਿਫ਼ਾਰਸ਼ ਕੀਤੇ ਜਾਂਦੇ ਹਨ :-

1. ਆਲੂ (ਸਤੰਬਰ-ਦਸੰਬਰ), ਪਿਆਜ਼ (ਦਸੰਬਰ-ਮਈ), ਹਰੀ ਖਾਦ (ਜੂਨ-ਜੁਲਾਈ)।

2. ਆਲੂ (ਅਕਤੂਬਰ-ਦਸੰਬਰ), ਪਛੇਤੀ ਫੁੱਲ ਗੋਭੀ (ਦਸੰਬਰ-ਮਾਰਚ), ਮਿਰਚ (ਮਾਰਚ-ਅਕਤੂਬਰ)।

3. ਆਲੂ (ਨਵੰਬਰ-ਫ਼ਰਵਰੀ), ਭਿੰਡੀ (ਮਾਰਚ-ਜੁਲਾਈ), ਅਗੇਤੀ ਫੁੱਲ ਗੋਭੀ (ਜੁਲਾਈ-ਅਗਸਤ)।

4. ਆਲੂ (ਅਕਤੂਬਰ-ਜਨਵਰੀ), ਗਾਜਰ/ਮੂਲੀ ਬੀਜ ਲਈ- (ਜਨਵਰੀ-ਮਈ), ਭਿੰਡੀ-ਬੀਜ ਲਈ (ਜੂਨ-ਅਕਤੂਬਰ)।

5. ਮਟਰ (ਅਕਤੂਬਰ-ਫ਼ਰਵਰੀ), ਮਿਰਚ (ਮਾਰਚ-ਸਤੰਬਰ)।

**ਫ਼ਸਲ ਪ੍ਰਣਾਲੀ** : ਇਸ ਤਰੀਕੇ ਨਾਲ ਦੋ ਜਾਂ ਦੋ ਤੋਂ ਵੱਧ ਸਬਜ਼ੀਆਂ ਲਗਾਤਾਰ ਇੱਕ ਤੋਂ ਬਾਅਦ ਇੱਕ ਕਰਕੇ ਜ਼ਮੀਨ ਦੇ ਇੱਕੋ ਟੁਕੜੇ ਤੇ ਇੱਕੋ ਸਾਲ ਵਿੱਚ ਉਗਾਈਆਂ ਜਾਂਦੀਆਂ ਹਨ। ਇਸ ਪ੍ਰਣਾਲੀ ਦਾ ਮੁੱਖ ਮੰਤਵ ਇਹ ਹੈ ਕਿ ਚੰਗੀਆਂ ਜ਼ਮੀਨਾਂ ਵਿੱਚੋਂ ਇੱਕ ਸਾਲ ਵਿੱਚ ਵੱਧ ਤੋਂ ਵੱਧ ਫ਼ਸਲੀ ਧਨ ਪੈਦਾ ਕੀਤਾ ਜਾ ਸਕੇ। ਇਹ ਪ੍ਰਣਾਲੀ ਆਮ ਤੌਰ 'ਤੇ ਮਲੇਰਕੋਟਲਾ ਤੇ ਰਾਜ ਦੇ ਮੁੱਖ ਸਬਜ਼ੀ ਉਤਪਾਦਕ ਹਿੱਸਿਆਂ ਵਿੱਚ ਅਪਣਾਈ ਜਾਂਦੀ ਹੈ। ਨਿਰੰਤਰ ਫ਼ਸਲ ਪ੍ਰਣਾਲੀ ਤਹਿਤ ਹੇਠ ਲਿਖੀਆਂ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ :-

1. ਬੈਂਗਣ (ਲੰਮੇ) (ਜੂਨ-ਅਕਤੂਬਰ), ਪਛੇਤੀ ਫੁੱਲ ਗੋਭੀ (ਨਵੰਬਰ-ਫ਼ਰਵਰੀ), ਘੀਆ ਕੱਦੂ (ਫ਼ਰਵਰੀ-ਜੂਨ) (ਘੀਆ ਕੱਦੂ ਦੀ ਪਨੀਰੀ ਸਰਦੀਆਂ ਵਿੱਚ ਪਲਾਸਟਿਕ ਦੇ ਲਿਫ਼ਾਫ਼ਿਆਂ ਵਿੱਚ ਤਿਆਰ ਕੀਤੀ ਜਾਂਦੀ ਹੈ)।

2. ਫੁੱਲ ਗੋਭੀ (ਸਤੰਬਰ-ਨਵੰਬਰ), ਟਮਾਟਰ ਨੀਵੀਆਂ ਸੁਰੰਗਾਂ ਥੱਲੇ (ਦਸੰਬਰ-ਮਈ), ਭਿੰਡੀ (ਮਈ-ਸਤੰਬਰ)।

3. ਫੁੱਲ ਗੋਭੀ (ਅਕਤੂਰ-ਜਨਵਰੀ), ਪਿਆਜ਼ (ਜਨਵਰੀ-ਮਈ), ਭਿੰਡੀ (ਮਈ-ਸਤੰਬਰ) ਨੀਮਾਟੋਡ ਤੋਂ ਪ੍ਰਭਾਵਿਤ ਖੇਤਾਂ ਵਿੱਚ ਇਹ ਫ਼ਸਲੀ ਚੱਕਰ ਅਪਣਾਓ, ਜਿਸ ਨਾਲ ਨੀਮਾਟੋਡ ਦੀ ਗਿਣਤੀ ਵਿੱਚ ਵਾਧਾ ਨਹੀਂ ਹੁੰਦਾ।

4. ਆਲੂ (ਸਤੰਬਰ-ਜਨਵਰੀ), ਖ਼ਰਬੂਜ਼ਾ (ਫ਼ਰਵਰੀ-ਮਈ), ਮੂਲੀ (ਜੂਨ-ਅਗਸਤ) (ਖਰਬੂਜ਼ੇ ਦੀ ਪਨੀਰੀ ਸਰਦੀਆਂ ਵਿੱਚ ਪਲਾਸਟਿਕ ਦੇ ਲਿਫ਼ਾਫ਼ਿਆਂ ਵਿੱਚ ਤਿਆਰ ਕੀਤੀ ਜਾਂਦੀ ਹੈ)।

5. ਪਾਲਕ (ਅਗਸਤ-ਅਕਤੂਬਰ), ਗੰਢ ਗੋਭੀ (ਅਕਤੂਬਰ-ਫ਼ਰਵਰੀ), ਮਿਰਚ (ਫ਼ਰਵਰੀ-ਅਗਸਤ)।

6. ਲੋਬੀਆ (ਜੂਨ-ਅਕਤੂਬਰ), ਫੁੱਲ ਗੋਭੀ (ਅਕਤੂਬਰ-ਜਨਵਰੀ), ਪਿਆਜ਼ (ਜਨਵਰੀ-ਮਈ)।



7. ਆਲੂ (ਅਕਤੂਬਰ-ਜਨਵਰੀ), ਪਿਆਜ਼ (ਜਨਵਰੀ-ਮਈ), ਭਿੰਡੀ (ਮਈ-ਅਕਤੂਬਰ)।

8. ਅਗੇਤੀ ਗੋਡੀ (ਜੁਲਾਈ-ਸਤੰਬਰ), ਮਟਰ (ਅਕਤੂਬਰ-ਮਾਰਚ), ਮੂਲੀ (ਅਪ੍ਰੈਲ-ਜੂਨ)।

9. ਬੈਂਗਣ (ਜੂਨ-ਨਵੰਬਰ), ਮਟਰ (ਨਵੰਬਰ-ਅਪ੍ਰੈਲ), ਪਾਲਕ (ਅਪ੍ਰੈਲ-ਜੂਨ)।

10. ਆਲੂ (ਨਵੰਬਰ-ਦਸੰਬਰ), ਭਿੰਡੀ (ਮਾਰਚ-ਜੁਲਾਈ), ਅਗੇਤੀ ਫੁੱਲ ਗੋਭੀ (ਜੁਲਾਈ-ਸਤੰਬਰ)।

**ਅਟੁੱਟਵੀਂ ਫ਼ਸਲ ਪ੍ਰਣਾਲੀ** : ਇਸ ਪ੍ਰਣਾਲੀ ਤਹਿਤ ਵੱਖ-ਵੱਖ ਸਬਜ਼ੀਆਂ ਇੱਕੋ ਸਾਲ ਵਿੱਚ ਇੱਕੋ ਜ਼ਮੀਨ 'ਤੇ ਉਗਾਈਆਂ ਜਾਂਦੀਆਂ ਹਨ ਪਰ ਪਹਿਲੀ ਬੀਜੀ ਹੋਈ ਫ਼ਸਲ ਦੇ ਖ਼ਤਮ ਹੋਣ ਤੋਂ ਪਹਿਲਾਂ ਇਸ ਵਿੱਚ ਅਗਲੀ ਫ਼ਸਲ ਦੀ ਬਿਜਾਈ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਇਸ ਢੰਗ ਨਾਲ ਉਗਾਈਆਂ ਸਬਜ਼ੀਆਂ ਦਾ ਕੁੱਝ ਸਮਾਂ ਰਲਵੀਂ ਫ਼ਸਲ ਦੇ ਤੌਰ ਚਲਦਾ ਹੈ ਤੇ ਬਾਕੀ ਇਕਹਿਰੀ ਫ਼ਸਲ ਦੇ ਤੌਰ 'ਤੇ ਚਲਦਾ ਹੈ। ਇਸ ਤਰੀਕੇ ਨਾਲ ਹੇਠ ਲਿਖੀਆਂ ਸਬਜ਼ੀਆਂ ਬੀਜੀਆਂ ਜਾ ਸਕਦੀਆਂ ਹਨ :-

1. ਖੀਰਾ (ਨਵੰਬਰ-ਮਾਰਚ), ਮਿਰਚ (ਫ਼ਰਵਰੀ-ਅਕਤੂਬਰ) ਮਿਰਚਾਂ ਦੀ ਪਨੀਰੀ ਫ਼ਰਵਰੀ ਵਿੱਚ ਖੀਰੇ ਦੀਆਂ ਵੱਟਾਂ 'ਤੇ ਲਗਾਈ ਜਾਂਦੀ ਹੈ।

2. ਮਟਰ (ਨਵੰਬਰ-ਅਪ੍ਰੈਲ), ਘੀਆ ਕੱਦੂ (ਫ਼ਰਵਰੀ-ਅਕਤੂਬਰ), ਘੀਆ ਕੱਦੂ ਦੀ ਪਨੀਰੀ ਸਰਦੀਆਂ ਵਿੱਚ ਪਲਾਸਟਿਕ ਦੇ ਥੈਲਿਆਂ ਵਿੱਚ ਤਿਆਰ ਕੀਤੀ ਜਾਂਦੀ ਹੈ ਤੇ ਫ਼ਰਵਰੀ ਵਿੱਚ ਬੈੱਡਾਂ ਦੇ ਦੋਵੇਂ ਪਾਸੇ 2.5 ਮੀਟਰ ਤੇ 45 ਸੈ.ਮੀ. ਦੀ ਦੂਰੀ 'ਤੇ ਲਗਾਈਆਂ ਜਾਂਦੀਆਂ ਹਨ।

3. ਖੀਰਾ (ਨਵੰਬਰ-ਅਪ੍ਰੈਲ), ਰਾਮ ਤੋਰੀ (ਮਾਰਚ-ਅਕਤੂਬਰ) ਮਾਰਚ ਦੇ ਮਹੀਨੇ ਖੀਰਿਆਂ ਵਿੱਚ 3 ਮੀਟਰ ਦੀ ਦੂਰੀ 'ਤੇ ਤਿਆਰ ਕੀਤੀਆਂ ਖਾਲੀਆਂ ਦੇ ਦੋਨੋਂ ਪਾਸੇ ਲਾਓ।

**ਬਹੁ-ਪਰਤੀ ਪ੍ਰਣਾਲੀ** : ਬਹੁ-ਪਰਤੀ ਪ੍ਰਣਾਲੀ ਸਥਾਨ ਅਤੇ ਸਮੇਂ ਦੀ ਸਹੀ ਵਰਤੋਂ ਕਰਦੇ ਹੋਏ ਢੁਕਵੀਆਂ ਫ਼ਸਲਾਂ ਅਪਣਾ ਕੇ ਉਪਲਬਧ ਜ਼ਮੀਨ 'ਤੇਵੱਧ ਤੋਂ ਵੱਧ ਫ਼ਸਲਾਂ ਉਗਾਉਣ ਨੂੰ ਯਕੀਨੀ ਬਣਾਉਂਦੀ ਹੈ। ਇਸ ਤਕਨੀਕ ਤਹਿਤ ਫ਼ਸਲਾਂ ਦੀ ਚੋਣ ਅਤੇ ਬਿਜਾਈ ਦੀ ਮੁੱਖ ਭੂਮਿਕਾ ਨਿਭਾਉਂਦੀ ਹੈ। ਬਹੁ-ਪੱਧਰੀ ਪ੍ਰਣਾਲੀ ਦੇ ਤਹਿਤ ਪਹਿਲੇ ਪੱਧਰ ਵਿੱਚ ਉਹ ਫ਼ਸਲਾਂ ਸ਼ਾਮਿਲ ਹੁੰਦੀਆਂ ਹਨ, ਜੋ ਧਰਤੀ ਹੇਠਾਂ ਕਾਸ਼ਤ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਜੜ੍ਹਾਂ ਤੇ ਤਣੇ ਵਾਲੀਆਂ ਸਬਜ਼ੀਆਂ ਹੁੰਦੀਆਂ ਹਨ। ਦੂਜੇ ਪੱਧਰ 'ਤੇ ਉਹ ਸਬਜ਼ੀਆਂ ਆਉਂਦੀਆਂ ਹਨ, ਜਿਨ੍ਹਾਂ ਨੂੰ ਜ਼ਮੀਨ ਦੀ ਸਤ੍ਹਾ ਦੇ ਨਾਲ ਉਗਾਇਆ ਜਾਂਦਾ ਹੈ। ਇਸ ਵਿੱਚ ਵੱਖ-ਵੱਖ ਕਿਸਮ ਦੀਆਂ ਪੱਤੇਦਾਰ ਅਤੇ ਫ਼ਲਦਾਰ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ। ਬਹੁ-ਪੱਧਰੀ ਪ੍ਰਣਾਲੀ ਦੇ ਤੀਸਰੇ ਪੱਧਰ ਵਿੱਚ ਵੇਲਾਂ ਵਾਲੀਆਂ ਸਬਜ਼ੀਆਂ ਆਉਂਦੀਆਂ ਹਨ, ਜਿਨ੍ਹਾਂ ਨੂੰ ਬਾਂਸ ਜਾਂ ਲੋਹੇ ਦੇ ਖੰਭੇ 'ਤੇ (ਜੋ ਆਮ ਤੌਰ 'ਤੇ ਜ਼ਮੀਨ ਤੋਂ ਲਗਭਗ 8 ਫੁੱਟ ਲੰਬਾ) ਚੜ੍ਹਾਇਆ ਜਾਂਦਾ ਹੈ। ਸਬਜ਼ੀਆਂ ਬੀਜਣ ਦੀ ਇਹ ਤਕਨੀਕ ਖੇਤੀ ਲਾਗਤਾਂ ਨੂੰ ਘਟਾਉਂਦੇ ਹੋਏ ਖੇਤੀ ਅਧੀਨ ਕੁੱਲ ਰਕਬਾ ਵਧਾਉਂਦੀ ਹੈ ਤੇ ਕੁਦਰਤੀ ਸਰੋਤਾਂ ਦੀ ਘੱਟ ਵਰਤੋਂ ਕਰਦੇ ਹੋਏ ਵਧੇਰੇ ਝਾੜ ਦਿੰਦੀ ਹੈ। ਇਸ ਤੋਂ ਇਲਾਵਾ ਇਹ ਤਕਨੀਕ ਮਿੱਟੀ ਵਿੱਚ ਜੈਵਿਕ ਖੁਰਾਕੀ ਤੱਤ ਮਿਲਾ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਵੀ ਸਹਾਈ ਹੁੰਦੀ ਹੈ। ਹੇਠ ਲਿਖੀਆਂ ਸਬਜ਼ੀਆਂ ਇਸ ਤਰੀਕੇ ਨਾਲ ਬੀਜੀਆਂ ਜਾ ਸਕਦੀਆਂ ਹਨ :-

1. ਵੇਲਾਂ ਵਾਲੀਆਂ ਸਬਜ਼ੀਆਂ, ਪਿਆਜ਼/ਲਸਣ-ਧਨੀਆ।

2. ਵੇਲਾਂ ਵਾਲੀਆਂ ਸਬਜ਼ੀਆਂ, ਭਿੰਡੀ-ਪਿਆਜ਼।

3. ਵੇਲਾਂ ਵਾਲੀਆਂ ਸਬਜ਼ੀਆਂ, ਮਟਰ-ਪਿਆਜ਼।

4. ਵੇਲਾਂ ਵਾਲੀਆਂ ਸਬਜ਼ੀਆਂ, ਪਾਲਕ/ਮੇਥੇ-ਗਾਜਰ/ਮੂਲੀ।

5. ਮਟਰ-ਆਲੂ-ਮਿਰਚ।

**ਅੰਤਰ ਫ਼ਸਲੀ ਪ੍ਰਣਾਲੀ** : ਇਸ ਪ੍ਰਣਾਲੀ ਵਿੱਚ ਦੋ ਜਾਂ ਦੋ ਤੋਂ ਵੱਧ ਸਬਜ਼ੀਆਂ ਇੱਕੋ ਜ਼ਮੀਨ 'ਤੇ ਥੋੜ੍ਹੇ ਸਮੇਂ ਦੇ ਵਕਫ਼ੇ 'ਤੇ ਵੱਖੋ-ਵੱਖ ਕਤਾਰਾਂ ਵਿੱਚ ਬੀਜੀਆਂ ਜਾਂਦੀਆਂ ਹਨ। ਇਸ ਪ੍ਰਣਾਲੀ ਵਿੱਚ ਫ਼ਸਲਾਂ ਦੀ ਚੋਣ ਕਰਨ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਦੋਨਾਂ ਫ਼ਸਲਾਂ ਦੇ ਵਾਧੇ ਅਤੇ ਵਿਕਾਸ ਦੀਆਂ ਵਿਸ਼ੇਸ਼ਤਾਵਾਂ ਵਾਲੇ ਗੁਣ ਆਪਸ ਵਿੱਚ ਮੇਲ ਨਾ ਖਾਂਦੇ ਹੋਣ। ਇਸ ਲਈ ਇਸ ਪ੍ਰਣਾਲੀ ਵਿੱਚ ਹੌਲੀ-ਹੌਲੀ ਵੱਧਣ ਵਾਲੀਆਂ ਫ਼ਸਲਾਂ ਨੂੰ ਤੇਜ਼ੀ ਨਾਲ ਵੱਧਣ ਵਾਲੀਆਂ ਫ਼ਸਲਾਂ ਨਾਲ, ਡੂੰਘੀਆਂ ਜੜ੍ਹਾਂ ਵਾਲੀਆਂ ਫ਼ਸਲਾਂ ਨਾਲ ਹੋਛੀਆਂ ਜੜ੍ਹਾਂ ਵਾਲੀਆਂ ਫ਼ਸਲਾਂ, ਲੰਬੇ ਸਮੇਂ ਵਿੱਚ ਪੱਕਣ ਵਾਲੀਆਂ ਫ਼ਸਲਾਂ ਨਾਲ ਘੱਟ ਸਮੇਂ ਵਿੱਚ ਪੱਕਣ ਵਾਲੀਆਂ ਫ਼ਸਲਾਂ ਅਤੇ ਫ਼ਲੀਦਾਰ ਫ਼ਸਲਾਂ ਨਾਲ ਗੈਰ-ਫ਼ਲੀਦਾਰ ਫ਼ਸਲਾਂ ਬੀਜਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਚੁਣੀਆਂ ਜਾਣ ਵਾਲੀਆਂ ਸਾਰੀਆਂ ਫ਼ਸਲਾਂ ਇੱਕੋ ਜਾਤੀ ਦੀਆਂ ਨਹੀਂ ਹੋਣੀਆਂ ਚਾਹੀਦੀਆਂ। ਇਸ ਪ੍ਰਣਾਲੀ ਅਧੀਨ ਮੁੱਖ ਤੌਰ 'ਤੇ ਹੇਠ ਲਿਖੀਆਂ ਫ਼ਸਲਾਂ ਉਗਾਈਆਂ ਜਾ ਸਕਦੀਆਂ ਹਨ :-

1. **ਖੀਰਾ-ਸ਼ਿਮਲਾ ਮਿਰਚ** : (ਨਵੰਬਰ ਦੇ ਅਖੀਰਲੇ ਹਫ਼ਤੇ) ਦਸੰਬਰ ਦੇ ਪਹਿਲੇ ਹਫ਼ਤੇ ਇਨ੍ਹਾਂ ਫ਼ਸਲਾਂ ਦੀ ਬਿਜਾਈ ਨਾਲੋਂ-ਨਾਲ ਕੀਤੀ ਜਾ ਸਕਦੀ ਹੈ।

2. **ਖੀਰਾ-ਕਰੇਲਾ** : ਦੋਵੇਂ ਫ਼ਸਲਾਂ ਨਵੰਬਰ ਦੇ ਅਖੀਰ ਵਿੱਚ ਬੀਜੀਆਂ ਜਾਂਦੀਆਂ ਹਨ।

3. **ਖੀਰਾ-ਮਿਰਚ** : ਦੋਵੇਂ ਫ਼ਸਲਾਂ ਨਵੰਬਰ ਦੇ ਅਖੀਰ ਵਿੱਚ ਬੀਜੀਆਂ ਜਾਂਦੀਆਂ ਹਨ।

4. **ਖੀਰਾ-ਕਰੇਲਾ-ਸ਼ਿਮਲਾ ਮਿਰਚ** : ਤਿੰਨੇ ਫ਼ਸਲਾਂ ਨਵੰਬਰ ਦੇ ਅਖੀਰ ਵਿੱਚ ਬੀਜੀਆਂ ਜਾਂਦੀਆਂ ਹਨ।

5. **ਮਿਰਚ-ਧਨੀਆ** : ਬੈੱਡਾਂ ਦੇ ਦੋਵੇਂ ਪਾਸੇ ਧਨੀਏ ਦੀਆਂ ਦੋ ਕਤਾਰਾਂ ਲਗਾਈਆਂ ਜਾਂਦੀਆਂ ਹਨ, ਜਦਕਿ ਮਿਰਚਾਂ ਵਿਚਕਾਰ ਲਗਾਈਆਂ ਜਾਂਦੀਆਂ ਹਨ।

ਗੰਨੇ ਦੀ ਲੰਮੀ ਮਿਆਦ ਵਾਲੀ ਫ਼ਸਲ ਵਿੱਚ ਲਸਣ, ਮਟਰ, ਲੋਬੀਆਂ ਤੇਬੰਦ ਗੋਭੀ ਦੀ ਅੰਤਰ ਫ਼ਸਲ ਵਜੋਂ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਗੰਨੇ ਦੀ ਨਿਵੇਕਲੀ ਫ਼ਸਲ ਨਾਲੋਂ ਵੱਧ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਸ ਪ੍ਰਬੰਧ ਨੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਦਰਦਨਾਕ ਹਾਲਾਤ ਵਿੱਚ ਜਿਊਣ ਲਈ ਮਜਬੂਰ ਕਰ ਦਿੱਤਾ ਹੈ, ਜਿਸ ਕਰਕੇ ਕਿਸਾਨਾਂ ਮਜ਼ਦੂਰਾਂ ਦੇ ਕਰਜ਼ੇ ਵਧੇ ਅਤੇ ਉਨ੍ਹਾਂ ਦੀਆਂ ਵੱਡੇ ਪੱਧਰ 'ਤੇ ਖ਼ੁਦਕੁਸ਼ੀਆਂ ਹੋਈਆਂ । ਆਰਥਿਕ ਮੰਦਹਾਲੀ ਦੇ ਸਿੱਟੇ ਵਜੋਂ ਵੱਡੇ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਕਰਕੇ ਨਸ਼ਿਆਂ, ਗੈਂਗਸਟਰ ਅਤੇ ਵਿਦੇਸ਼ਾਂ ਵੱਲ ਪਰਵਾਸ ਦਾ ਚਲਣ ਵਧਿਆ ।



## ਬੀਜ ਬਿੱਲ 2025 :

# ਕਿਸਾਨੀ ਦੇ ਉਜਾੜੇ ਵੱਲ ਕਦਮ

ਪ੍ਰਦੀਪ ਮੁਸਾਹਿਬ

ਭਾਰਤ ਵਿੱਚ ਕਿਸਾਨੀ ਸਿਰਫ਼ ਰੁਜ਼ਗਾਰ ਦਾ ਸਰੋਤ ਨਹੀਂ ਸਗੋਂ ਅੰਨ ਸੁਰੱਖਿਆ, ਪੇਂਡੂ ਅਰਥਚਾਰੇ ਅਤੇ ਲੋਕ ਪਰੰਪਰਾ ਦਾ ਕੇਂਦਰ ਹੈ । ਖੇਤੀ ਦੀ ਸ਼ੁਰੂਆਤ ਬੀਜ ਤੋਂ ਹੀ ਹੁੰਦੀ ਹੈ। ਇਸ ਲਈ ਬੀਜਾਂ ਦੀ ਸੁਰੱਖਿਆ ਦੀ ਰੀਤ ਉਨ੍ਹਾਂ ਸਮਿਆਂ ਤੋਂ ਤੁਰੀ ਆ ਰਹੀ ਹੈ ਜਦੋਂ ਸਰਕਾਰੀ ਨਿਯਮਾਂ, ਲੈਬਾਰਟਰੀਆਂ ਅਤੇ ਹਾਈਬ੍ਰਿਡ ਕੰਪਨੀਆਂ ਦੀ ਹੋਂਦ ਨਹੀਂ ਸੀ ।

ਇਸੇ ਸੰਦਰਭ ਵਿੱਚ ਬੀਜ ਸੋਧ ਬਿੱਲ 2025 ਦੀ ਚਰਚਾ ਕਰਨੀ ਬਣਦੀ ਹੈ । 1991 ਵਿੱਚ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਤੇ ਇਸ ਤੋਂ ਬਾਅਦ ਵਿਸ਼ਵ ਵਪਾਰ ਸੰਗਠਨ ਵੱਲੋਂ ਲਾਗੂ ਕੀਤੀਆਂ ਗਈਆਂ ਨਿੱਜੀਕਰਨ-ਉਦਾਰੀਕਰਨ-ਸੰਸਾਰੀਕਰਨ ਦੀਆਂ ਨੀਤੀਆਂ ਨੇ ਪਹਿਲਾਂ ਤੋਂ ਹੀ ਮੰਦੇ ਹਾਲ ਚਲੀ ਆ ਰਹੀ ਖੇਤੀ ਦੀ ਹਾਲਤ ਨੂੰ ਹੋਰ ਵਧੇਰੇ ਤਰਸਯੋਗ ਬਣਾ ਦਿੱਤਾ। ਇਸ ਦੀ ਵੱਡੀ ਮਾਰ ਛੋਟੀ ਕਿਸਾਨੀ ਨੂੰ ਪਈ ।




ਸਾਲ 2020 ਵਿੱਚ ਇਸੇ ਤਰਜ 'ਤੇ ਕੇਂਦਰ ਸਰਕਾਰ ਨੇ ਤਿੰਨ ਖੇਤੀਬਾੜੀ ਕਾਨੂੰਨ ਲਿਆਂਦੇ । ਇਨ੍ਹਾਂ ਕਾਲੇ ਕਾਨੂੰਨਾਂ ਦਾ ਏਜੰਡਾ ਵੱਡੇ ਕਾਰਪੋਰੇਟਾਂ ਵੱਲੋਂ ਖੇਤੀਬਾੜੀ ਉੱਪਰ ਕਬਜ਼ਾ ਕਰ ਕੇ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣਾ ਸੀ । ਕਾਰਪੋਰੇਟਾਂ ਵੱਲੋਂ ਵੱਡੇ ਫਾਰਮ ਬਣਾ ਕੇ ਕਿਰਤੀ ਲੋਕਾਂ ਨੂੰ ਉਜਾੜ ਦੇਣਾ ਸੀ । ਇਨ੍ਹਾਂ ਬਿੱਲਾਂ ਨਾਲ ਇਕੱਲਾ ਕਿਸਾਨ ਹੀ ਨਹੀਂ ਸਗੋਂ ਮਜ਼ਦੂਰ, ਛੋਟਾ ਦੁਕਾਨਦਾਰ, ਦਰਮਿਆਨੇ ਦਰਜੇ ਦਾ ਕਾਰੋਬਾਰੀ - ਸਭ ਦਾ ਉਜਾੜਾ ਹੋ ਜਾਣਾ ਸੀ । ਲੋਕਾਂ ਦੇ ਜ਼ਬਰਦਸਤ ਸੰਘਰਸ਼ ਕਾਰਨ ਕੇਂਦਰ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਪਏ । ਇਸ ਤੋਂ ਬਾਅਦ ਸਰਕਾਰੀ ਮੰਡੀਆਂ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਇੱਕ ਹੋਰ ਬਿੱਲ ਦਾ ਖਰੜਾ ਸੂਬਾਈ ਸਰਕਾਰਾਂ ਦੀ ਸਹਿਮਤੀ ਹਾਸਲ ਕਰਨ ਲਈ ਭੇਜਿਆ ਗਿਆ, ਪਰ ਉਸ ਨੂੰ ਵੀ ਕਿਸਾਨਾਂ ਦੇ ਭਾਰੀ ਵਿਰੋਧ ਕਾਰਨ ਵਾਪਸ ਲੈਣ ਲਈ ਮਜ਼ਬੂਰ ਹੋਣਾ ਪਿਆ। ਹੁਣ ਬੀਜ ਬਿੱਲ 2025 ਲਿਆ ਕੇ ਇੱਕ ਵਾਰ ਫਿਰ ਕੇਂਦਰ ਸਰਕਾਰ ਆਪਣੇ ਇਰਾਦਿਆਂ ਨੂੰ ਅੰਜਾਮ ਦੇਣਾ ਚਾਹੁੰਦੀ ਹੈ ।

### ਬੀਜ ਬਿੱਲ 2025 ਕੀ ਹੈ ਤੇ ਇਸ ਦਾ ਵਿਰੋਧ ਕਿਉਂ ?

ਸਾਮਰਾਜੀ ਅਧੀਨਗੀ ਹੇਠ ਬੀਜ ਬਿੱਲ 2025 ਕੇਂਦਰ ਸਰਕਾਰ ਦੁਆਰਾ ਲਿਆਂਦਾ ਗਿਆ ਖੇਤੀ ਸਬੰਧੀ ਇੱਕ ਨਵਾਂ ਕਾਨੂੰਨੀ ਪ੍ਰਸਤਾਵ ਹੈ, ਜਿਸ ਦਾ ਮੁੱਖ ਉਦੇਸ਼ ਭਾਰਤ ਦੀ ਬੀਜ ਪ੍ਰਣਾਲੀ ਨੂੰ ਆਧੁਨਿਕ, ਨਿਯਮਬੱਧ ਅਤੇ ਪਾਰਦਰਸ਼ੀ ਬਣਾਉਣਾ ਦੱਸਿਆ ਹੈ । ਇਹ ਬਿੱਲ ਪੁਰਾਣੇ ਬੀਜ ਕਾਨੂੰਨ 1966 ਅਤੇ ਬੀਜ ਕੰਟਰੋਲ ਆਰਡਰ 1983 ਨੂੰ ਅੱਪਡੇਟ ਕਰਨ ਲਈ ਤਿਆਰ ਕੀਤਾ ਗਿਆ ਹੈ । ਸਰਕਾਰ ਦਾ ਤਰਕ ਹੈ ਕਿਉਕਿ 1966 ਦੇ ਕਾਨੂੰਨ ਵਿੱਚ ਬੀਜਾਂ ਦੇ ਮਾਮਲੇ ਵਿੱਚ ਨਾ ਤਾਂ ਆਧੁਨਿਕ ਤਕਨਾਲੋਜੀ ਦੀ ਗੁੰਜਾਇਸ਼ ਸੀ ਅਤੇ ਨਾ ਹੀ ਬੀਜ ਮਾਰਕੀਟਿੰਗ ਨੂੰ ਦਰਪੇਸ਼ ਨਵੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਯੋਗ ਪ੍ਰਬੰਧ । ਸਰਕਾਰ ਦੇ ਦੱਸਣ ਮੁਤਾਬਿਕ ਇਹ ਬਿੱਲ ਬੀਜਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਵੇਗਾ, ਨਕਲੀ ਜਾਂ ਖ਼ਰਾਬ ਬੀਜਾਂ 'ਤੇ ਰੋਕ ਲਾਵੇਗਾ ਅਤੇ ਬੀਜਣ ਲਈ ਕਿਸਾਨਾਂ ਨੂੰ ਭਰੋਸੇਮੰਦ ਬੀਜ ਉਪਲਬੱਧ ਕਰਾਵੇਗਾ, ਪਰ ਇਹ ਬਿੱਲ ਬੀਜ ਦੀ ਗੁਣਵੱਤਾ ਵਧਾਉਣ ਜਾਂ ਅਸਲੀ ਬੀਜ ਤੱਕ ਸੀਮਤ ਨਹੀਂ। ਅਸਲ ਵਿੱਚ ਕੇਂਦਰ ਸਰਕਾਰ ਪੈਦਾਵਾਰ ਦੀ ਪ੍ਰਣਾਲੀ ਨੂੰ ਸਾਮਰਾਜੀ ਕੰਟਰੋਲ ਹੇਠਾਂ ਲਿਆਉਣ ਅਤੇ ਮੁਕੰਮਲ ਕੰਟਰੋਲ ਵੱਲ ਵਧ ਰਹੀ ਹੈ। ਇਸ ਬਿੱਲ ਬਾਰੇ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ, ਖੇਤੀ ਵਿਦਵਾਨਾਂ ਅਤੇ ਬੁੱਧੀਜੀਵੀਆਂ ਵੱਲੋਂ ਗੰਭੀਰ ਚਿੰਤਾਵਾਂ ਪ੍ਰਗਟਾਈਆਂ ਜਾ ਰਹੀਆਂ ਹਨ। ਉਹ ਮੰਨਦੇ ਹਨ ਕਿ ਇਹ ਬਿੱਲ ਬੀਜ ਮਾਰਕੀਟ ਨੂੰ ਕੰਪਨੀ-ਕੇਂਦਰਿਤ ਬਣਾਏਗਾ ਅਤੇ ਕਿਸਾਨਾਂ ਦੀ ਸਵੈ-ਨਿਰਭਰਤਾ ਨੂੰ ਖੋਰਾ ਲਾਏਗਾ । ਕਿਸਾਨ ਆਗੂ ਕਈ ਦਹਾਕਿਆਂ ਤੋਂ ਇਹ ਕਹਿੰਦੇ ਆ ਰਹੇ ਹਨ ਕਿ ਭਾਰਤੀ ਸੰਵਿਧਾਨ ਮੁਤਾਬਿਕ ਖੇਤੀ ਸੂਬਿਆਂ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਵਿਸ਼ਾ ਹੈ, ਪਰ ਕੇਂਦਰ ਸਰਕਾਰ ਲਗਾਤਾਰ ਸੂਬਿਆਂ ਦੇ ਅਧਿਕਾਰਾਂ ਨੂੰ ਖੋਰਾ ਲਾ ਰਹੀ ਹੈ। ਇਸ ਨਾਲ ਛੋਟੀ ਮੰਡੀ ਨੂੰ ਖ਼ਤਮ ਕਰਕੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥ ਮਾਰਕੀਟ ਦਾ ਕੰਟਰੋਲ ਦਿੱਤਾ ਜਾਵੇਗਾ । ਇਸ ਨਾਲ ਕਾਲਾਬਾਜ਼ਾਰੀ ਵਧੇਗੀ, ਪ੍ਰਾਈਵੇਟ ਕੰਪਨੀਆਂ ਹੱਥ ਵੱਧ ਤਾਕਤ ਦਿੱਤੀ ਜਾਵੇਗੀ, ਬੀਜਾਂ ਦੀ ਕੀਮਤ ਕਾਬੂ ਹੇਠ ਨਹੀਂ ਰਹੇਗੀ, ਵੱਡੀਆਂ ਬੀਜ ਕੰਪਨੀਆਂ ਨੂੰ ਫ਼ਾਇਦਾ ਤੇ ਮਾਰਕੀਟ ਅਜਾਰੇਦਾਰੀ ਦਾ ਖ਼ਤਰਾ ਵਧੇਗਾ ਅਤੇ ਮੁਆਵਜ਼ਾ ਪ੍ਰਕਿਰਿਆ ਹੋਰ ਜਟਿਲ ਹੋ ਜਾਵੇਗੀ ।

### ਇਸ ਦਾ ਪਿਛੋਕੜ ਕੀ ਹੈ ?

ਖੇਤੀ ਮਾਹਿਰ ਦਵਿੰਦਰ ਸ਼ਰਮਾ ਵਲੋਂ ਵਿਸ਼ਵ ਵਿਕਾਸ ਰਿਪੋਰਟ ਦੇ ਦਿੱਤੇ ਹਵਾਲੇ ਮੁਤਾਬਿਕ ਮਨਮੋਹਨ ਸਿੰਘ ਸਰਕਾਰ ਵੇਲੇ ਵਿਸ਼ਵ ਬੈਂਕ ਨੇ ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਵਿੱਚ ਤੇਜ਼ੀ ਲਿਆਉਣ ਲਈ ਭਾਰਤ ਸਰਕਾਰ ਨੂੰ ਭੂਮੀ ਸਰੋਤਾਂ ਦੀ ਵਧੇਰੇ ਉਪਜਾਊ ਅਤੇ ਕੁਸ਼ਲ ਵਰਤੋਂ ਕਰਦਿਆਂ ਖੇਤੀ ਖੇਤਰ ਵਿੱਚੋਂ ਲੋਕਾਂ ਨੂੰ ਬਾਹਰ ਕੱਢਣ ਲਈ ਕਿਹਾ ਸੀ ਕਿ ਸਰਮਾਏਦਾਰ ਤੇ ਪੈਸੇ ਵਾਲੇ ਵਿਅਕਤੀ ਜ਼ਮੀਨਾਂ ਹਥਿਆ ਸਕਣ। ਮੋਦੀ ਸਰਕਾਰ ਨੇ ਇਸ ਏਜੰਡੇ ਨੂੰ ਲਾਗੂ ਕਰਨ ਲਈ ਭੂਮੀ ਗ੍ਰਹਿਣ ਬਿੱਲ 2014 ਲਾਗੂ ਕਰਨ ਦਾ ਯਤਨ ਕੀਤਾ। ਇਸ ਤਹਿਤ ਨੀਤੀ ਆਯੋਗ ਦੇ ਬੁਲਾਰੇ ਨੇ ਵੀ ਇਨ੍ਹਾਂ ਲੀਹਾਂ 'ਤੇ ਬੋਲਦਿਆਂ ਵੱਡੇ ਫਾਰਮਾਂ ਦੀ ਲੋੜ 'ਤੇ ਜ਼ੋਰ ਦਿੱਤਾ । ਵਿਸ਼ਵ ਬੈਂਕ ਦੁਆਰਾ ਭਾਰਤ ਦੀ ਬਾਂਹ ਲਗਾਤਾਰ ਮਰੋੜੀ ਜਾ ਰਹੀ ਹੈ ਕਿ ਖੇਤੀ ਨੂੰ ਗੁਜ਼ਾਰੇਯੋਗ ਬਣਾਉਣ ਦੀ ਜਗ੍ਹਾ ਸਰਮਾਏਦਾਰਾਨਾ ਮੁਨਾਫ਼ੇ ਨੂੰ ਹੋਰ ਵਧਾਉਣਾ ਹੈ । ਇਸ ਮੁਨਾਫ਼ੇ ਨੂੰ ਹੋਰ ਤੇਜ਼ ਕਰਨ ਲਈ ਬੀਜਾਂ ਤੇ ਸਾਮਰਾਜੀ ਕੰਪਨੀਆਂ ਦਾ ਮੁਕੰਮਲ ਕੰਟਰੋਲ ਸਥਾਪਿਤ ਕਰਨ ਲਈ ਮੌਜੂਦਾ ਸਰਕਾਰ ਬੀਜ ਸੋਧ ਬਿੱਲ ਲਿਆ ਰਹੀ ਹੈ। ਇਨ੍ਹਾਂ ਬਿੱਲਾਂ ਤਹਿਤ ਜ਼ਮੀਨਾਂ ਸਰਮਾਏਦਾਰਾਂ ਦੇ ਹੱਥਾਂ ਵਿੱਚ ਦਿੱਤੀਆਂ ਜਾਣੀਆਂ ਹਨ । ਸਰਕਾਰਾਂ ਆਖਦੀਆਂ ਹਨ ਕਿ ਜ਼ਮੀਨਾਂ 'ਤੇ ਜਬਰੀ ਕਬਜ਼ੇ ਨਹੀਂ ਕਰਾਂਗੇ, ਪਰ ਅਸਲ ਵਿੱਚ ਕਾਰਪੋਰੇਟ ਘਰਾਣੇ ਇਸ ਨਾਲ ਕਿਰਤੀ ਲੋਕਾਂ ਦੀ ਜ਼ਮੀਨ ਜਾਇਦਾਦ ਜਾਂ ਉਨ੍ਹਾਂ ਦੇ ਜਿਊਣ ਦੇ ਵਸੀਲਿਆਂ ਨੂੰ ਹੜੱਪ ਲੈਣਗੇ । 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਿਕ ਪਿਛਲੇ ਦਹਾਕਿਆਂ ਵਿੱਚ ਮੁਲਕ ਅੰਦਰ ਨੱਬੇ ਲੱਖ ਕਿਸਾਨ ਖੇਤੀ ਵਿੱਚੋਂ ਬਾਹਰ ਹੋ ਗਏ ਤੇ ਸ਼ਹਿਰਾਂ ਵਿਚਲੀਆਂ ਗਰੀਬ ਬਸਤੀਆਂ ਦੀ ਆਬਾਦੀ ਵਿੱਚ 10 ਕਰੋੜ ਦਾ ਵਾਧਾ ਦਰਜ ਹੋਇਆ ਹੈ । ਅਜੋਕੇ ਹਾਲਾਤ ਅਜਿਹੇ ਉਜਾੜੇ ਦੀ ਭਿਆਨਕ ਤਸਵੀਰ ਦਿਖਾਉਂਦੇ ਹਨ । ਬੀਜ ਬਿੱਲ 2025 ਨੇ ਇਸ ਉਜਾੜੇ ਨੂੰ ਹੋਰ ਵਧਾਉਣਾ ਹੈ ।

ਚੇਤੇ ਰਹੇ ਕਿ ਖੇਤੀ ਤੇ ਬੀਜ ਸੁਰੱਖਿਅਤ ਕਰਨਾ ਇੱਕ ਲੋਕ-ਵਿਗਿਆਨ ਸੀ/ਹੈ, ਜੋ ਸਮੇਂ ਅਤੇ ਤਜਰਬੇ ਨਾਲ ਪੀੜ੍ਹੀ ਦਰ-ਪੀੜ੍ਹੀ ਹੋਰ ਵਿਕਸਿਤ ਹੁੰਦਾ ਆਇਆ ਹੈ । ਪ੍ਰਾਚੀਨ ਸਮਿਆਂ ਤੋਂ ਹੀ ਕਿਸਾਨ ਬੀਜ ਨੂੰ 'ਦੁਕਾਨ ਦਾ ਨਹੀਂ, ਆਪਣੇ ਤਰਜਬੇ ਦਾ ਨਤੀਜਾ' ਮੰਨਦਾ ਸੀ । ਉਦੋਂ ਖੇਤੀਬਾੜੀ ਗੁਜ਼ਾਰੇ ਦਾ ਧੰਦਾ ਸੀ, ਪਰ ਅੱਜ ਦੇ ਸਰਮਾਏਦਾਰੀ ਨਿਜ਼ਾਮ ਨੇ ਇਸ ਨੂੰ ਮੁਨਾਫ਼ੇ ਦਾ ਧੰਦਾ ਬਣਾ ਦਿੱਤਾ ਹੈ। 1970ਵਿਆਂ ਵਿੱਚ ਹਰੇ ਇਨਕਲਾਬ ਦੇ ਨਾਂ 'ਤੇ ਕਿਸਾਨਾਂ ਨੂੰ ਗੁੰਮਰਾਹ ਕਰਕੇ ਲਾਹਾ ਵੱਡੇ ਪੂੰਜੀਪਤੀਆਂ, ਵੱਡੀਆਂ ਕੰਪਨੀਆਂ ਤੇ ਅਫ਼ਸਰਸ਼ਾਹੀ ਨੇ ਲਿਆ ।

ਇਹ ਵੀ ਅਤਿਕਥਨੀ ਨਹੀਂ ਕਿ ਸੋਧੇ ਹੋਏ ਬੀਜ ਯਾਨੀ ਹਾਈਬ੍ਰਿਡ ਬੀਜ ਕਿਸਾਨ ਨੂੰ ਆਪਣੇ ਸੁਰੱਖਿਅਤ ਰੱਖੇ ਬੀਜ ਨਾਲ ਅਗਲੀ ਫ਼ਸਲ ਬੀਜਣ ਨਹੀਂ ਦਿੰਦੇ ਕਿਉਂਕਿ ਇਨ੍ਹਾਂ ਅੰਦਰ ਜੈਨੇਟਿਕ ਤਬਦੀਲੀਆਂ ਅਜਿਹੇ ਢੰਗ ਨਾਲ ਕੀਤੀਆਂ ਜਾਂਦੀਆਂ ਹਨ ਕਿ ਕਿਸਾਨਾਂ ਵੱਲੋਂ ਆਪਣੀ ਫ਼ਸਲ ਲਈ ਸੁਰੱਖਿਅਤ ਰੱਖਿਆ ਬੀਜ ਅਗਲੀ ਫ਼ਸਲ ਬੀਜਣ ਲਈ ਵਰਤਿਆ ਹੀ ਨਹੀਂ ਜਾ ਸਕਦਾ । ਮਜਬੂਰ ਹੋਏ ਕਿਸਾਨਾਂ ਨੂੰ ਅਗਲੀ ਬਿਜਾਈ ਲਈ ਬਾਜ਼ਾਰ ਵਿੱਚੋਂ ਬੀਜ ਖਰੀਦਣਾ ਹੀ ਪਵੇਗਾ। ਉਹ ਵੀ ਕਾਰਪੋਰੇਟ ਦੀ ਮਰਜ਼ੀ ਦੇ ਭਾਅ 'ਤੇ। ਮੌਨਸੈਂਟੋ ਵਰਗੇ ਕਾਰਪੋਰੇਟ ਹੀ ਸੋਧੇ ਹੋਏ ਯਾਨੀ ਹਾਈਬ੍ਰਿਡ ਬੀਜ ਤਿਆਰ ਕਰਦੇ ਅਤੇ ਵੇਚਦੇ ਹਨ । ਇਉਂ ਬੀਜ ਤਿਆਰ ਕਰਨ ਦੇ ਧੰਦੇ ਨੂੰ ਕਾਰਪੋਰੇਟਾਂ ਨੇ ਆਪਣੇ ਨਿੱਜੀ ਅਧਿਕਾਰ ਹੇਠ ਕਰ ਲਿਆ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੇ ਇਸ਼ਾਰਿਆਂ 'ਤੇ ਨੱਚਣ ਵਾਲੀਆਂ ਕਠਪੁਤਲੀਆਂ ਬਣਾ ਕੇ ਰੱਖ ਦਿੱਤਾ ਹੈ।

ਇਸ ਚਾਲ ਨੇ ਲੋਕਾਂ ਅੰਦਰਲੇ ਸਾਂਝੀਵਾਲਤਾ ਵਾਲੇ ਸਭਿਆਚਾਰ ਨੂੰ ਮਲੀਆਮੇਟ ਕਰਕੇ ਰੱਖ ਦਿੱਤਾ ਹੈ ਅਤੇ ਇਸ ਬਿੱਲ ਨੇ ਬਾਕੀ ਕਸਰ ਵੀ ਕੱਢ ਦੇਣੀ ਹੈ। ਪਹਿਲਾਂ ਲੋਕਾਂ ਅੰਦਰ ਇੱਕ ਦੂਜੇ ਨਾਲ ਮਿਲ ਕੇ ਬੀਜ ਸੁਰੱਖਿਅਤ ਰੱਖਣ ਲਈ ਸਾਂਝ ਵਾਲਾ ਮਾਹੌਲ ਸੀ, ਜੋ ਇਸ ਨਾਲ ਤਹਿਸ-ਨਹਿਸ ਹੋ ਕੇ ਰਹਿ ਗਿਆ ਹੈ । ਤਜਰਬਾ ਗਵਾਹ ਹੈ ਕਿ ਇਸ ਕਿਸਮ ਦੇ ਬੀਜਾਂ ਦੇ ਆਉਣ ਨਾਲ ਫ਼ਸਲਾਂ 'ਤੇ ਕੀੜਿਆਂ ਦੇ ਹਮਲੇ ਹੋਣੇ ਰੁਕੇ ਨਹੀਂ ਹਨ ਸਗੋਂ ਕੀੜੇ ਵੱਧ ਸ਼ਕਤੀਸ਼ਾਲੀ ਹੋ ਆਪਣਾ ਕੰਮ ਕਰ ਰਹੇ ਹਨ। ਉਲਟਾ ਇਸ ਨਾਲ ਜੈਵ-ਵਿਭਿੰਨਤਾ ਵਾਲਾ ਵਾਤਾਵਰਣ ਖ਼ਤਮ ਹੋਣ ਵੱਲ ਵਧ ਰਿਹਾ ਹੈ ਕਿਉਂਕਿ ਕੀਟਾਂ ਦੇ ਖ਼ਾਤਮੇ ਨਾਲ ਜੈਵਿਕ ਆਤਮ ਨਿਰਭਰਤਾ ਨਾਲ ਜਿਊਣ ਦਾ ਸਿਲਸਿਲਾ ਰੁਕ ਜਾਂਦਾ ਹੈ। ਹੁਣ ਬਹੁ-ਕੌਮੀ ਕੰਪਨੀਆਂ ਅਤੇ ਭਾਰਤੀ ਕਾਰਪੋਰੇਟ ਬੀਟੀ ਫ਼ਸਲਾਂ ਦੀ ਪੈਦਾਵਾਰ ਕਰਕੇ ਆਪਣਾ ਸਰਮਾਇਆ ਤੇ ਮੁਨਾਫ਼ੇ ਵਧਾਉਣ ਲਈ ਤਰਲੋਮੱਛੀ ਹੋ ਰਹੇ ਹਨ । ਨਵੇਂ ਬੀਜ ਬਿੱਲ ਦੇ ਪਾਸ ਹੋਣ ਨਾਲ ਬੀਟੀ ਫ਼ਸਲਾਂ ਨੂੰ ਹੋਰ ਵਧਾਇਆ ਜਾਵੇਗਾ, ਜੋ ਲੋਕਾਂ ਦੀ ਸਿਹਤ ਅਤੇ ਫ਼ਸਲੀ ਵਿਭਿੰਨਤਾ ਲਈ ਬਹੁਤ ਨੁਕਸਾਨਦੇਹ ਹੋਵੇਗਾ ।

ਇਸ ਪ੍ਰਬੰਧ ਨੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਦਰਦਨਾਕ ਹਾਲਾਤ ਵਿੱਚ ਜਿਊਣ ਲਈ ਮਜਬੂਰ ਕਰ ਦਿੱਤਾ ਹੈ, ਜਿਸ ਕਰਕੇ ਕਿਸਾਨਾਂ ਮਜ਼ਦੂਰਾਂ ਦੇ ਕਰਜ਼ੇ ਵਧੇ ਅਤੇ ਉਨ੍ਹਾਂ ਦੀਆਂ ਵੱਡੇ ਪੱਧਰ 'ਤੇ ਖ਼ੁਦਕੁਸ਼ੀਆਂ ਹੋਈਆਂ। ਆਰਥਿਕ ਮੰਦਹਾਲੀ ਦੇ ਸਿੱਟੇ ਵਜੋਂ ਵੱਡੇ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਕਰਕੇ ਨਸ਼ਿਆਂ, ਗੈਂਗਸਟਰ ਅਤੇ ਵਿਦੇਸ਼ਾਂ ਵੱਲ ਪਰਵਾਸ ਦਾ ਚਲਣ ਵਧਿਆ । ਹਾਕਮ ਜਮਾਤ ਵੱਲੋਂ ਕੀਤੇ ਅਖੌਤੀ ਵਿਕਾਸ ਕਰਕੇ ਵਾਤਾਵਰਣ ਨੁਕਸਾਨਿਆ ਗਿਆ, ਜਿਸ ਨਾਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨੇ ਹੱਸਦੇ ਵੱਸਦੇ ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਹੁਣ ਵੀ ਸਰਕਾਰ ਵੱਲੋਂ ਇੱਕ ਤੋਂ ਬਾਅਦ ਦੂਜਾ ਮਾਰੂ ਕਾਨੂੰਨ ਲਿਆਂਦਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਦੀ ਲੁੱਟ ਦੇ ਨਾਲ-ਨਾਲ ਉਨ੍ਹਾਂ ਉੱਤੇ ਜਬਰ ਦਾ ਕੁਹਾੜਾ ਹੋਰ ਵੀ ਤੇਜ਼ ਹੋਵੇਗਾ ।

ਇਸ ਲਈ ਕਿਸਾਨਾਂ, ਮਜ਼ਦੂਰਾਂ ਤੇ ਖੇਤੀ 'ਤੇ ਨਿਰਭਰ ਹੋਰ ਲੋਕਾਈ ਨੂੰ ਵੱਡੇ ਪੱਧਰ 'ਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ। ਲੋਕਾਂ ਨੂੰ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬੀਜ ਬਿੱਲ, ਹੋਰ ਲੋਕ ਵਿਰੋਧੀ ਕਾਨੂੰਨਾਂ ਅਤੇ ਇਸ ਨਾਲ ਹੋਣ ਵਾਲੇ ਉਜਾੜੇ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ।

# ਪੰਜਾਬ ਵਿੱਚ ਐਤਕੀਂ ਗੰਨੇ ਦਾ ਝਾੜ ਘਟਿਆ

## ਕਿਸਾਨਾਂ ਨੂੰ ਕਰੀਬ 250 ਕਰੋੜ ਦੀ ਵਿੱਤੀ ਸੱਟ; ਖੰਡ ਮਿੱਲਾਂ ਵੱਲੋਂ ਕਿਸਾਨਾਂ ਨੂੰ ਪੇਸ਼ਗੀ ਅਦਾਇਗੀ

ਪੰਜਾਬ ਵਿੱਚ ਗੰਨੇ ਦਾ ਝਾੜ ਐਤਕੀਂ ਕਾਫ਼ੀ ਘਟਿਆ ਹੈ, ਜਿਸ ਕਾਰਨ ਗੰਨਾ ਕਾਸ਼ਤਕਾਰਾਂ ਨੂੰ ਪ੍ਰਤੀ ਏਕੜ ਪਿੱਛੇ 25 ਤੋਂ 35 ਹਜ਼ਾਰ ਰੁਪਏ ਦਾ ਘਾਟਾ ਪਿਆ ਹੈ। ਵੇਰਵਿਆਂ ਅਨੁਸਾਰ ਸੂਬੇ ਵਿੱਚ ਗੰਨੇ



ਦੀ ਪੈਦਾਵਾਰ ਪ੍ਰਤੀ ਏਕੜ 60 ਤੋਂ 80 ਕੁਇੰਟਲ ਘੱਟ ਨਿਕਲ ਰਹੀ ਹੈ। ਅਨੁਮਾਨ ਮੁਤਾਬਿਕ ਕਿਸਾਨਾਂ ਨੂੰ ਕਰੀਬ 250 ਕਰੋੜ ਰੁਪਏ ਦਾ ਘਾਟਾ ਪਿਆ ਹੈ।

ਦੂਜੇ ਪਾਸੇ, ਚੰਗਾ ਪੱਖ ਇਹ ਉੱਭਰਿਆ ਹੈ ਕਿ ਇਸ ਵਾਰ ਕਿਧਰੇ ਵੀ ਖੰਡ ਮਿੱਲਾਂ ਵਿੱਚ ਭੀੜਾਂ ਨਹੀਂ ਹਨ; ਇਥੋਂ ਤੱਕ ਕਿ ਦਸੰਬਰ-ਜਨਵਰੀ ਵਿੱਚ ਵੀ ਖੰਡ ਮਿੱਲਾਂ ਦੇ ਯਾਰਡ ਖਾਲੀ ਸਨ। ਪਹਿਲੋਂ 24-24 ਘੰਟੇ ਮਿੱਲਾਂ ਵਿੱਚ ਭੀੜ ਰਹਿੰਦੀ ਸੀ ਅਤੇ ਹੁਣ ਕਿਸਾਨ ਛੇ ਘੰਟਿਆਂ ਵਿੱਚ ਹੀ ਵਿਹਲੇ ਹੋ ਜਾਂਦੇ ਹਨ। ਸੂਬੇ ਵਿੱਚ ਸਹਿਕਾਰੀ ਅਤੇ ਨਿੱਜੀ ਖੇਤਰ ਦੀਆਂ 15 ਖੰਡ ਮਿੱਲਾਂ ਹਨ। ਸਾਰੀਆਂ ਖੰਡ ਮਿੱਲਾਂ ਹੀ ਐਤਕੀਂ ਆਪਣੀ ਸਮਰੱਥਾ ਤੋਂ ਘੱਟ ਚੱਲ ਰਹੀਆਂ ਹਨ। ਵੇਰਵਿਆਂ ਅਨੁਸਾਰ ਖੰਡ ਮਿੱਲ ਮਾਲਕਾਂ ਵਿੱਚ ਇਸ ਵਾਰ ਕਿਸਾਨਾਂ ਤੋਂ ਗੰਨਾ ਲੈਣ ਦੀ ਦੌੜ ਲੱਗੀ ਹੋਈ ਹੈ ਅਤੇ ਮਿੱਲਾਂ ਕਿਸਾਨਾਂ ਨੂੰ 85 ਫੀਸਦੀ ਤੱਕ ਦੀ ਪੇਸ਼ਗੀ ਅਦਾਇਗੀ ਕਰ ਰਹੀਆਂ ਹਨ। ਪਹਿਲਾਂ ਕਿਸਾਨਾਂ ਨੂੰ ਰੁਲਣਾ ਪੈਂਦਾ ਸੀ ਅਤੇ ਖੰਡ ਮਿੱਲਾਂ ਤੋਂ ਬਕਾਏ ਲੈਣ ਲਈ ਪ੍ਰਦਰਸ਼ਨ ਕਰਨੇ ਪੈਂਦੇ ਸਨ। ਇਹ ਵੱਖਰੀ ਗੱਲ ਹੈ ਕਿ ਫਗਵਾੜਾ ਖੰਡ ਮਿੱਲ ਵੱਲ ਕਿਸਾਨਾਂ ਦੇ 2021-22 ਦੇ ਕਰੀਬ 27.74 ਕਰੋੜ ਦੇ ਬਕਾਏ ਖੜ੍ਹੇ ਹਨ।

ਪੰਜਾਬ ਵਿੱਚ ਲੰਘੇ ਪੰਜ ਵਰ੍ਹਿਆਂ ਦੌਰਾਨ ਗੰਨੇ ਹੇਠ ਰਕਬਾ ਕਰੀਬ ਇੱਕ ਲੱਖ ਹੈਕਟੇਅਰ ਰਿਹਾ ਹੈ, ਜੋ ਇਸ ਵਾਰ ਘਟ ਕੇ ਕਰੀਬ 90 ਹਜ਼ਾਰ ਹੈਕਟੇਅਰ ਰਹਿ ਗਿਆ ਹੈ। ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਵੀ ਸੂਬੇ ਵਿੱਚ 28,931 ਏਕੜ ਗੰਨੇ ਦੀ ਫ਼ਸਲ ਵੀ ਨੁਕਸਾਨੀ ਗਈ ਸੀ। ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਆਖਦੇ ਹਨ ਕਿ ਇਸ ਵਾਰ ਗੰਨੇ ਦੀ ਪੈਦਾਵਾਰ ਪ੍ਰਤੀ ਏਕੜ 80 ਤੋਂ 100 ਕੁਇੰਟਲ ਤੱਕ ਘਟੀ ਹੈ। ਸਰਕਾਰ ਨੂੰ ਗੰਨੇ ਹੇਠ ਰਕਬਾ ਵਧਾਉਣ ਬਾਰੇ ਮੰਥਨ ਕਰਨਾ ਚਾਹੀਦਾ ਹੈ ਅਤੇ ਪੁਰਾਣੇ ਬਕਾਏ ਕਲੀਅਰ ਕਰਨੇ ਚਾਹੀਦੇ ਹਨ। ਖੇਤੀ ਵਿਭਾਗ ਅਤੇ ਸਹਿਕਾਰਤਾ ਵਿਭਾਗ ਦੇ ਅਨੁਮਾਨ ਮੁਤਾਬਿਕ ਪਿਛਲੇ ਸਾਲ ਗੰਨੇ ਦਾ ਝਾੜ ਔਸਤਨ 350 ਕੁਇੰਟਲ ਸੀ, ਜੋ ਐਤਕੀਂ ਘੱਟ ਕੇ 270-280 ਕੁਇੰਟਲ ਪ੍ਰਤੀ ਏਕੜ ਰਹਿ ਗਿਆ ਹੈ। ਖੰਡ ਮਿੱਲਾਂ ਵਿੱਚ ਗੰਨਾ ਪਿੜਾਈ ਦਾ ਸੀਜ਼ਨ ਅਜੇ ਜਾਰੀ ਹੈ ਅਤੇ ਹੁਣ ਤੱਕ 350 ਲੱਖ ਕੁਇੰਟਲ ਤੋਂ ਵੱਧ ਗੰਨਾ ਪਿੜਾਈ ਲਈ ਖੰਡ ਮਿੱਲਾਂ ਵਿੱਚ ਆ ਚੁੱਕਾ ਹੈ। ਗੰਨਾ ਕਮਿਸ਼ਨਰ ਅਮਰੀਕ ਸਿੰਘ ਦਾ ਕਹਿਣਾ ਸੀ ਕਿ ਸ਼ੁਰੂਆਤੀ ਅਨੁਮਾਨਾਂ ਵਿੱਚ ਗੰਨੇ ਦੀ ਫ਼ਸਲ ਦਾ ਝਾੜ ਪਿਛਲੇ ਸਾਲ ਨਾਲੋਂ ਘੱਟ ਹੈ, ਪਰ ਹਾਲੇ ਫ਼ਸਲ ਦੀ ਕਟਾਈ ਚੱਲ ਰਹੀ ਹੈ।

### ਖੰਡ ਦੀ ਰਿਕਵਰੀ ਵੀ ਘੱਟ ਹੈ : ਰਾਣਾ ਇੰਦਰ ਪ੍ਰਤਾਪ

ਰਾਣਾ ਸ਼ੂਗਰਜ਼ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਇਸ ਵਾਰ ਖੰਡ ਦੀ ਰਿਕਵਰੀ ਵੀ ਘੱਟ ਹੈ, ਜੋ ਪਿਛਲੇ ਸਾਲ 8.96 ਫੀਸਦ ਸੀ। ਮਾਰਚ ਵਿੱਚ ਸੀਜ਼ਨ ਮੁੱਕਣ ਮਗਰੋਂ ਅਸਲ ਤਸਵੀਰ ਸਾਹਮਣੇ ਆਏਗੀ। ਲੋੜ ਹੈ ਕਿ ਕਿਸਾਨ ਗੰਨੇ ਦੀ ਕਟਾਈ ਦਾ ਕੰਮ ਵੀ ਹੁਣ ਮਕੈਨੀਕਲ ਕਰਨ, ਕਿਉਂਕਿ ਮਕੈਨੀਕਲ ਕਟਾਈ ਨਾਲ ਕਿਸਾਨਾਂ ਦੇ ਲਾਗਤ ਖਰਚੇ ਵਿੱਚ ਵੀ 20 ਫੀਸਦ ਤੱਕ ਦੀ ਕਟੌਤੀ ਹੋਵੇਗੀ।

# ਆਲੂ ਕਾਸ਼ਤਕਾਰਾਂ ਵਿੱਚ ਨਿਰਾਸ਼ਾ ਦਾ ਆਲਮ

ਇਸ ਵਰ੍ਹੇ ਕਿਸਾਨਾਂ ਨੂੰ ਦੂਹਰੀ ਮਾਰ ਹੇਠ ਆਉਣ ਦੇ ਕਾਰਨ ਭਾਰੀ ਪਰੇਸ਼ਾਨੀ ਹੇਠ ਗੁਜ਼ਰਨਾ ਪੈ ਰਿਹਾ ਹੈ। ਪਿਛਲੇ ਵਰ੍ਹੇ ਪਹਿਲਾਂ ਝੋਨੇ ਦੇ ਘਟੇ ਝਾੜ ਨੇ ਕਿਸਾਨਾਂ ਨੂੰ ਆਰਥਿਕ ਸੰਕਟ ਵਿੱਚ ਘੇਰ ਦਿੱਤਾ ਅਤੇ ਬਾਅਦ ਵਿੱਚ ਆਲੂਆਂ ਦੀ ਫ਼ਸਲ ਦਾ ਚੰਗਾ ਭਾਅ ਨਾ ਮਿਲਣ ਕਾਰਨ ਕਿਸਾਨਾਂ ਦੇ ਖਰਚੇ ਵੀ ਪੂਰੇ ਨਹੀਂ ਹੋਏ। ਹੁਣ ਝੋਨੇ ਦੀ ਫ਼ਸਲ ਤੋਂ ਬਾਅਦ



ਆਲੂਆਂ ਦੇ ਭਾਅ ਵਿੱਚ ਮੰਦੀ ਕਾਰਨ ਆਲੂ ਕਾਸ਼ਤਕਾਰ ਕਿਸਾਨਾਂ ਵਿੱਚ ਮੁੜ ਨਿਰਾਸ਼ਾ ਦਾ ਆਲਮ ਹੈ।

ਮੋਗਾ ਖੇਤਰ ਦੇ ਵੱਡੇ ਪਿੰਡ ਦੌਧਰ ਗੁਰਬੀ ਦੇ ਆਲੂ ਕਾਸ਼ਤਕਾਰ ਕਿਸਾਨ ਮਹਿੰਦਰ ਸਿੰਘ, ਜਗਸੀਰ ਸਿੰਘ ਅਤੇ ਬੇਅੰਤ ਸਿੰਘ ਨੇ ਦੱਸਿਆ ਕਿ ਇਸ ਵਾਰ ਆਲੂਆਂ ਦੇ ਭਾਅ ਦੀ ਮੰਦੀ ਨੇ ਚਿੰਤਾ ਵਿੱਚ ਡੋਬ ਦਿੱਤਾ ਹੈ। ਭਾਵੇਂ ਕਿ ਅਜੇ ਮਾਲਵਾ ਖੇਤਰ ਵਿੱਚ ਆਲੂਆਂ ਦੀ ਪੁਟਾਈ ਸ਼ੁਰੂ ਨਹੀਂ ਹੋਈ, ਪਰ ਫਿਰ ਵੀ ਇਸ ਵਾਰ ਆਲੂਆਂ ਦੀ ਫ਼ਸਲ ਦੇ ਡਿੱਗਦੇ ਭਾਅ ਕਾਰਨ ਖਰਚੇ ਵੀ ਪੂਰੇ ਹੁੰਦੇ ਦਿਖਾਈ ਨਹੀਂ ਦੇ ਰਹੇ।

ਇਸ ਮੌਕੇ ਕਿਸਾਨਾਂ ਨੇ ਦੱਸਿਆ ਕਿ ਜੇਕਰ ਇਸ ਵਾਰ ਵੀ ਆਲੂਆਂ ਦੀ ਫ਼ਸਲ ਦਾ ਚੰਗਾ ਭਾਅ ਨਹੀਂ ਮਿਲਦਾ ਤਾਂ ਕਿਸਾਨ ਕਰਜ਼ੇ ਦੀ ਪੰਡ ਥੱਲੇ ਆ ਸਕਦੇ ਹਨ। ਕਿਸਾਨਾਂ ਕੋਲ ਹੋਰ ਕੋਈ ਫ਼ਸਲ ਦਾ ਬਦਲ ਨਹੀਂ ਦਿਸ ਰਿਹਾ, ਜੋ ਖਰਚੇ ਪੂਰੇ ਕਰ ਸਕੇ।

ਕਿਸਾਨ ਸਿੰਦਰ ਸਿੰਘ ਮੱਲੇਆਣਾ, ਮੰਦਰ ਸਿੰਘ ਲੋਪੋ ਅਤੇ ਬਲਜੀਤ ਸਿੰਘ ਮੀਨੀਆ ਨੇ ਕਿਹਾ ਕਿ ਘੱਟ ਝਾੜ ਨਾਲ ਭਾਅ ਦੀ ਮੰਦੀ ਕਾਰਨ ਆਲੂ ਕਾਸ਼ਤਕਾਰ ਕਿਸਾਨਾਂ ਨੂੰ ਮੰਡੀਕਰਨ ਦਾ ਡਰ ਵੀ ਸਤਾ ਰਿਹਾ ਹੈ। ਉਕਤ ਕਿਸਾਨਾਂ ਨੇ ਦੱਸਿਆ ਕਿ ਇਸ ਵਾਰ ਆਲੂਆਂ ਦਾ ਸਾਈਜ਼ ਵੀ ਚੰਗੀ ਤਰ੍ਹਾਂ ਨਹੀਂ ਬਣਿਆ, ਇਸ ਕਾਰਨ ਆਲੂਆਂ ਦੇ ਭਾਅ ਘੱਟ ਹੋਣ ਦੇ ਨਾਲ-ਨਾਲ ਝਾੜ ਵੀ ਘੱਟ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਵਾਰ ਮੰਦੀ ਦੇ ਦੌਰ ਵਿੱਚ ਝਾੜ ਵੀ ਘੱਟ ਨਿਕਲਿਆ ਤਾਂ ਕਿਸਾਨ ਕਰਜ਼ੇ ਦੀ ਮਾਰ ਹੇਠ ਆ ਸਕਦੇ ਹਨ।

ਮਾਲਵਾ ਖੇਤਰ ਵਿੱਚ ਪਿਛਲੇ 25 ਵਰ੍ਹਿਆਂ ਤੋਂ ਆਲੂਆਂ ਦੀ ਚੰਗੀ ਖੇਤੀ ਕਰ ਰਹੇ ਕਿਸਾਨ ਕੰਵਲਜੀਤ ਸਿੰਘ ਨੇ ਆਲੂਆਂ ਦੀ ਫ਼ਸਲ ਦੀ ਮੰਦੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪਿਛਲੇ ਦੋ ਸੀਜ਼ਨ ਆਲੂ ਕਾਸ਼ਤਕਾਰਾਂ ਲਈ ਔਖੀ ਘੜੀ ਵਾਂਗ ਗੁਜ਼ਰੇ ਹਨ। ਇਸ ਵਾਰ ਵੀ ਆਲੂਆਂ ਦੀ ਫ਼ਸਲ ਦਾ ਝਾੜ ਚੰਗਾ ਨਾ ਹੋਣ ਦੇ ਨਾਲ-ਨਾਲ ਭਾਅ ਦਾ ਡਿੱਗਣਾ ਸ਼ੁੱਭ ਸੰਕੇਤ ਨਹੀਂ ਮੰਨਿਆ ਜਾ ਰਿਹਾ। ਜੇਕਰ ਇਸ ਵਾਰ ਵੀ ਆਲੂਆਂ ਦੇ ਭਾਅ ਵਿੱਚ ਤੇਜ਼ੀ ਨਾ ਆਈ ਤਾਂ ਯਕੀਨਨ ਅਗਲੇ ਵਰ੍ਹੇ 15 ਫੀਸਦੀ ਆਲੂਆਂ ਦੀ ਫ਼ਸਲ ਘੱਟ ਬਿਜਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਆਲੂਆਂ ਦੀ ਕਾਸ਼ਤ ਕਰ ਰਹੇ ਕਿਸਾਨਾਂ ਦੀ ਬਾਂਹ ਫੜਨ ਦੀ ਜ਼ਰੂਰਤ ਹੈ, ਤਾਂ ਜੋ ਉਹ ਇਸ ਸੰਕਟ ਵਿੱਚੋਂ ਬਾਹਰ ਨਿਕਲ ਸਕਣ।

### ਅਗਲੇ ਦਿਨਾਂ ਵਿੱਚ ਸ਼ੁਰੂ ਹੋਵੇਗੀ ਆਲੂਆਂ ਦੀ ਪੁਟਾਈ

ਆਲੂਆਂ ਦੀ ਕਾਸ਼ਤ ਕਰ ਰਹੇ ਕਿਸਾਨ ਜਗਜੀਤ ਸਿੰਘ, ਜਗਰਾਜ ਸਿੰਘ ਅਤੇ ਦਵਿੰਦਰ ਸਿੰਘ ਨੇ ਕਿਹਾ ਕਿ ਆਲੂਆਂ ਦੀ ਪੁਟਾਈ ਅਗਲੇ ਦਿਨਾਂ ਵਿੱਚ ਸ਼ੁਰੂ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਵਾਰ ਆਲੂਆਂ ਦੀ ਫ਼ਸਲ ਖਰਚੇ ਵੀ ਪੂਰੇ ਨਹੀਂ ਕਰ ਸਕਦੀ। ਉਕਤ ਕਿਸਾਨਾਂ ਨੇ ਕਿਹਾ ਕਿ ਹੁਣ ਕੁਦਰਤ ਸਾਥ ਦੇਵੇ ਮੌਸਮ ਠੀਕ ਰਹੇ ਤਾਂ ਹੀ ਕਿਸਾਨਾਂ ਦੇ ਕੁਝ ਪੱਲੇ ਪਵੇਗਾ, ਨਹੀਂ ਤਾਂ ਇਸ ਵਾਰ ਆਲੂਆਂ ਦੀ ਫ਼ਸਲ ਤੋਂ ਚੰਗੇ ਦੀ ਆਸ ਨਹੀਂ ਦਿਖ ਰਹੀ।

# ਪੰਜਾਬ ਵਿੱਚ ਬੜੀ ਤੇਜ਼ੀ ਨਾਲ ਖਤਰਨਾਕ ਹੱਦ ਤੱਕ ਘੱਟ ਰਿਹਾ ਹੈ ਦੁਧਾਰੂ ਪਸ਼ੂ ਰੱਖਣ ਦਾ ਰੁਝਾਨ

## ਬੀਤੇ ਸਮੇਂ ਖੇਤੀ ਦੇ ਨਾਲ ਦੁਧਾਰੂ ਪਸ਼ੂ ਰੱਖ ਕੇ ਕੀਤਾ ਜਾਂਦਾ ਸੀ ਸਹਾਇਕ ਧੰਦਾ

**★ ਦਰਜਨਾਂ ਪਸ਼ੂ ਰੱਖਣ ਵਾਲੇ ਪਰਿਵਾਰ ਹੁਣ ਦੁੱਧ ਲੈਣ ਲੱਗੇ ਮੁੱਲ**

**★ ਹੱਡ-ਭੰਨਵੀਂ ਮਿਹਨਤ ਤੋਂ ਬਾਅਦ ਵੀ ਕੁਝ ਨਹੀਂ ਪੈਂਦਾ ਪੱਲੇ**

ਬੀਤੇ ਸਮੇਂ ਪੰਜਾਬ ਦੇ ਪਿੰਡਾਂ ਅੰਦਰ ਖੇਤੀ ਦੇ ਨਾਲ-ਨਾਲ ਕਿਸਾਨ ਵਰਗ ਵੱਲੋਂ ਸਹਾਇਕ ਧੰਦੇ ਵਜੋਂ ਮੱਝਾਂ-ਗਾਵਾਂ ਦੇ ਰੂਪ ਵਿੱਚ ਦੁਧਾਰੂ ਪਸ਼ੂ ਰੱਖ ਕੇ ਆਪਣੇ ਪਰਿਵਾਰਾਂ ਨੂੰ ਪਾਲਣਾ ਇੱਕ ਜ਼ਿੰਮੇਵਾਰੀ ਅਤੇ ਮਾਣ ਵਾਲੀ ਗੱਲ ਸਮਝਿਆ ਜਾਂਦਾ ਸੀ, ਪਰ ਹੁਣ ਕਿਸਾਨਾਂ ਵੱਲੋਂ ਘੱਟ ਰਹੀ ਖੇਤੀ ਦੇ ਨਾਲ ਹੀ ਦੁਧਾਰੂ ਪਸ਼ੂ ਘੱਟ ਰੱਖਣ ਦਾ ਰੁਝਾਨ ਵੀ ਖਤਰਨਾਕ ਹੱਦ ਤੱਕ ਪੈਦਾ ਹੋ



ਚੁੱਕਾ ਹੈ। ਪੰਜਾਬ ਅੰਦਰ ਮਜਬੂਰੀ ਵੱਸ ਦੁਧਾਰੂ ਪਸ਼ੂ ਘੱਟ ਰੱਖਣ ਦੀ ਵੱਧ ਰਹੀ ਪ੍ਰਵਿਰਤੀ ਨੇ ਚਿੱਟੇ ਦੁੱਧ ਦੇ ਕਾਲੇ ਕਾਰੋਬਾਰ ਨੂੰ ਪ੍ਰਫੁੱਲਿਤ ਕਰਨ ਵਿੱਚ ਭਰਵਾਂ ਯੋਗਦਾਨ ਪਾਇਆ ਹੈ। ਪਸ਼ੂ ਰੱਖਣ ਵਾਲੇ ਪਰਿਵਾਰਾਂ ਨੂੰ ਦੁੱਧ ਦਾ ਚੰਗਾ ਭਾਅ ਨਾ ਮਿਲਣ ਕਾਰਨ ਉਨ੍ਹਾਂ ਦਾ ਇਸ ਕਿੱਤੇ ਤੋਂ ਮੋਹ ਭੰਗ ਹੋ ਰਿਹਾ ਹੈ। ਹੱਡ-ਭੰਨਵੀ ਮਿਹਨਤ ਕਰਨ ਤੋਂ ਬਾਅਦ ਵੀ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ। ਦੁਧਾਰੂ ਪਸ਼ੂ ਘੱਟ ਰਹੇ ਹਨ, ਪਰ ਨਕਲੀ ਦੁੱਧ ਵੱਧ ਰਿਹਾ ਹੈ। ਦਰਜਨਾਂ ਪਸ਼ੂ ਰੱਖਣ ਵਾਲੇ ਪਰਿਵਾਰ ਮਹਿਜ਼ ਇੱਕਾ-ਦੁੱਕਾ ਪਸ਼ੂਆਂ ਤੱਕ ਸਿਮਟ ਚੁੱਕੇ ਹਨ। ਸਮਾਜ ਅੰਦਰ ਮੁਨਾਫਾਖੋਰੀ ਨੇ ਇਸ ਕਦਰ ਆਪਣਾ ਤਾਣਾ-ਬਾਣਾ ਬੁਣ ਲਿਆ ਹੈ ਕਿ ਉਸ ਤੋਂ ਛੇਤੀ ਕੀਤਿਆਂ ਖਹਿੜਾ ਛੁਡਵਾਉਣਾ ਹੁਣ ਦੂਰ ਦੀ ਕੌਡੀ ਹੈ। ਜੇਕਰ ਪੰਜਾਬ ਦੀ ਧਰਤੀ 'ਤੇ ਸਿਰਫ ਇਕੱਲੇ ਦੁੱਧ ਦੀ ਗੱਲ ਕਰੀਏ ਤਾਂ ਜੋ ਹਾਲਾਤ ਸਾਹਮਣੇ ਆਉਂਦੇ ਨੇ, ਉਹ ਇੱਕ ਆਮ ਇਨਸਾਨ ਦੀ ਰਾਤਾਂ ਦੀ ਨੀਂਦ ਖੋਹ ਲੈਂਦੇ ਹਨ। ਮੁਨਾਫੋਖੋਰ ਵਰਗ ਵੱਲੋਂ ਦੁੱਧ ਦੇ ਮਾਮਲੇ ਵਿੱਚ ਨਵ-ਜਨਮੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਦੇ ਨਾਲ ਕਮਾਇਆ ਜਾ ਰਿਹਾ ਧਰੋਹ ਹੁਣ ਸਾਨੂੰ ਬਹੁਤ ਮਹਿੰਗਾ ਪੈਣ ਲੱਗਾ ਹੈ, ਕਿਉਂਕਿ ਬਹੁਤੇ ਲੋਕਾਂ ਵੱਲੋਂ ਦੁੱਧ ਤੋਂ ਤਿਆਰ ਵਸਤੂਆਂ ਦੀ ਵਰਤੋਂ ਵੱਡੀ ਮਾਤਰਾ ਵਿੱਚ ਕੀਤੀ ਜਾਂਦੀ ਹੈ, ਜਿਸ ਦੀ ਬਦੌਲਤ ਬਿਮਾਰੀਆਂ ਨੇ ਇਨਸਾਨ ਨੂੰ ਬੁਰੀ ਤਰ੍ਹਾਂ ਆਪਣੀ ਗ੍ਰਿਫਤ ਵਿੱਚ ਜਕੜ ਲਿਆ ਹੈ। ਪੰਜਾਬ ਅੰਦਰ ਦੁਧਾਰੂ ਪਸ਼ੂਆਂ ਦੀ ਘੱਟ ਰਹੀ ਗਿਣਤੀ ਕਾਰਨ ਹੁਣ ਡੇਅਰੀ ਫਾਰਮਾਂ ਦੀਆਂ ਖੁਰਲੀਆਂ ਸੁੰਨੀਆਂ ਪਈਆਂ ਹਨ। ਜਿੱਥੇ ਜਿਨ੍ਹਾਂ ਫਾਰਮਾਂ 'ਤੇ ਕਿਸੇ ਸਮੇਂ ਸੈਂਕੜੇ ਪਸ਼ੂ ਹੁੰਦੇ ਸਨ, ਉਥੇ ਪਸਰੀ ਸੁੰਨ ਇਸ ਬਿਰਤਾਂਤ ਨੂੰ ਬਿਆਨ ਕਰਦੀ ਹੈ। ਇਸ ਸਾਰੇ ਵਰਤਾਰੇ ਦਾ ਬੇਹੱਦ ਹੈਰਾਨੀਜਨਕ ਪਹਿਲੂ ਇਹ ਵੀ ਹੈ ਕਿ ਕਿਸੇ ਸਮੇਂ ਦਰਜਨਾਂ ਪਸ਼ੂ ਰੱਖਣ ਵਾਲੇ ਲੋਕ ਅੱਜ ਦੁੱਧ ਮੁੱਲ ਲੈਣ ਲੱਗੇ ਹਨ।

### ਸਰਕਾਰ ਨੂੰ ਫੜਨੀ ਚਾਹੀਦੀ ਹੈ ਪਸ਼ੂ-ਪਾਲਕਾਂ ਦੀ ਬਾਂਹ

ਇਸ ਕਿੱਤੇ ਨਾਲ ਪਿਛਲੇ ਲੰਬੇ ਸਮੇਂ ਤੋਂ ਜੁੜੇ ਡਾਕਟਰ ਗਿਆਨਪ੍ਰੀਤ ਸਿੰਘ ਰੰਗੀ, ਗੁਰਪ੍ਰੀਤ ਸਿੰਘ ਬੇਰ ਕਲਾਂ ਦਾ ਕਹਿਣਾ ਹੈ ਕਿ ਪਸ਼ੂ-ਪਾਲਕਾਂ ਨੂੰ ਚੰਗਾ ਭਾਅ ਨਹੀਂ ਮਿਲ ਰਿਹਾ, ਜਿਸ ਕਰਕੇ ਬਹੁਤੇ ਕਿਸਾਨ ਪਸ਼ੂਆਂ ਤੋਂ ਕਿਨਾਰਾ ਕਰ ਚੁੱਕੇ ਹਨ, ਜਿਸ ਦੀ ਬਦੌਲਤ ਪੰਜਾਬੀ ਨਕਲੀ ਦੁੱਧ ਦੇ ਰੂਪ ਵਿੱਚ ਜ਼ਹਿਰ ਪੀਣ ਲਈ ਮਜ਼ਬੂਰ ਹਨ। ਮੌਜੂਦਾ ਸਮੇਂ ਪਸ਼ੂ-ਪਾਲਕਾਂ ਨੂੰ ਗਾਂਵਾਂ ਅਤੇ ਮੱਝਾਂ ਦੇ ਦੁੱਧ ਦਾ ਔਸਤ ਭਾਅ 30 ਤੋਂ 60 ਰੁਪਏ ਦੇ ਵਿਚਕਾਰ ਮਿਲਣਾ ਇਸ ਖਤਮ ਹੋ ਰਹੇ ਧੰਦੇ ਦੀ ਨਿਸ਼ਾਨੀ ਹੈ। ਕੁਦਰਤੀ ਮਾਰ ਨੇ ਵੀ ਇਸ ਧੰਦੇ ਨੂੰ ਚੌਪਟ ਕਰ ਦਿੱਤਾ ਹੈ। ਪਸ਼ੂਆਂ ਲਈ ਤਿਆਰ ਕੀਤੀ ਜਾਣ ਵਾਲੀ ਫੀਡ ਆਦਿ ਦੇ ਬੇਹੱਦ ਮਹਿੰਗੇ ਹੋ ਜਾਣ ਕਾਰਨ ਵੀ ਇਸ ਸਹਾਇਕ ਧੰਦੇ 'ਤੇ ਅਸਰ ਪਿਆ ਹੈ। ਇਸ ਸਾਰੇ ਵਰਤਾਰੇ ਦਾ ਖਮਿਆਜ਼ਾ ਲੋਕਾਂ ਨੂੰ ਭਿਆਨਕ ਬਿਮਾਰੀਆਂ ਦੇ ਰੂਪ ਵਿੱਚ ਭੁਗਤਣਾ ਪੈ ਰਿਹਾ ਹੈ। ਖੈਰ ਕਈ ਕਾਰਨਾਂ ਦੇ ਚਲਦਿਆਂ ਪਿੰਡਾਂ ਅੰਦਰ ਦੁਧਾਰੂ ਪਸ਼ੂ ਰੱਖਣ ਦਾ ਘੱਟ ਰਿਹਾ ਰੁਝਾਨ ਸਾਡੇ ਸਾਰਿਆਂ ਲਈ ਬੇਹੱਦ ਖਤਰਨਾਕ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਪਸ਼ੂ-ਪਾਲਕਾਂ ਦੀ ਬਾਂਹ ਫੜ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਸੁਣੇ ਤਾਂ ਕਿ ਦੁੱਧ ਦਾ ਸਹਾਇਕ ਧੰਦਾ ਬਚਿਆ ਰਹੇ।

# Alumni Meet 2026



ਡਾ. ਰਣਜੀਤ ਸਿੰਘ

ਅੱਜ ਅਸੀਂ ਆਏ ਹਾਂ ਯਾਦਾਂ ਦੀ ਨਿੱਘੀ ਯਾਦ ਨੂੰ ਲੈ ਕੇ ।
ਆਪਣੇ ਇਸ ਮੰਦਰ ਅੰਦਰ ਸਤਿਕਾਰ ਦੀ ਭਰੀ ਪਰਾਤ ਨੂੰ ਲੈ ਕੇ ।
ਬਖਸ਼ਿਆ ਜਿਸ ਇਕ ਹੋਰ ਮੌਕਾ ਯਾਦ ਉਸ ਨੂੰ ਕਰੀਏ ।
ਪੰਜ ਪੀੜ੍ਹੀਆਂ ਦੇ ਇਸ ਸੰਗਮ ਅੰਦਰ ਪਿਆਰ ਦੀਆਂ ਘੁੱਟਾਂ ਭਰੀਏ ।
ਹਰ ਪਾਸੇ ਹੈ ਨਿੱਘ ਹੀ ਨਿੱਘ ਪਿਆਰ ਦੀ ਨਦੀ ਠਾਠਾਂ ਮਾਰੇ ।
ਕਿਤੇ ਪਕੌੜੇ ਕਿਤੇ ਜਲੇਬੀਆਂ ਔਲਖ ਖ਼ੂਬ ਖਿੱਚੇ ਤਿਆਰੇ ।
ਇਹ ਮੌਕਾ ਨਿਤ ਨਾ ਆਵੇ ਰਲ ਖੁਸ਼ੀਆਂ ਮਨਾਈਏ ।
ਚਿਰਾਂ ਤੋਂ ਵਿਛੜੇ ਮਿੱਤਰਾਂ ਤਾਈਂ ਪਿਆਰ ਦੀਆਂ ਘੁੱਟ ਜੱਫ਼ੀਆਂ ਪਾਈਏ ।
ਇਹੋ ਜਿਹਾ ਨਜਾਰਾ ਸੱਜਣੋ ਭਾਗਾਂ ਨਾਲ ਹੀ ਨਜਰੀਂ ਆਵੇ ।
ਫ਼ੁੱਲਾਂ ਵਾਂਗ ਖਿੜੇ ਨੇ ਚਿਹਰੇ ਹਾਸਿਆਂ ਨੂੰ ਕੋਈ ਠੱਲ ਨਾ ਪਾਵੇ ।
ਬਣ ਠਣ ਕੇ ਬੁੱਢੇ ਮੁੰਡੇ ਅੱਜ ਮੁੜ ਗਭਰੂ ਕਹਾਵਣ ।
ਡੈਸਕਾਂ ਉਤੇ ਉਕਰੇ ਨਾਵਾਂ ਨੂੰ ਕਮਰਿਆਂ ਵਿੱਚੋਂ ਲੱਭਣ ਜਾਵਣ ।
ਅਸੀਂ ਦੋ ਸਾਲ ਘੁਮਾਰ ਮੰਡੀ ਲਾਏ ਮੁੜ ਇੱਥੇ ਸੀ ਆਏ ।
ਅਸੀਂ ਹਾਂ ਉਹ ਖੁਸ਼ਕਿਸਮਤ ਜਿਨ੍ਹਾਂ ਪਹਿਲਾਂ ਦਰਸ਼ਨ ਪਾਏ ।
ਮਲਿਆਂ ਦੀਆਂ ਝਾੜੀਆਂ ਸਨ ਜਾਂ ਹਰ ਪਾਸੇ ਰੇਤਾ ।
ਮੁੜ ਮੁੰਡੇ ਬਣ ਜਾਈਏ ਜਦੋਂ ਆਵੇ ਉਦੋਂ ਦਾ ਚੇਤਾ ।
ਇੱਕੋ ਹੋਸਟਲ ਥੋਹੜੇ ਜਿਹੇ ਮੁੰਡੇ ਕਿਤੇ ਨਾ ਦਿਸਦੀ ਕਾਰ ।
ਪ੍ਰਿੰਸੀਪਲ ਤੇ ਸਾਰੇ ਪ੍ਰੋਫ਼ੈਸਰ ਹੁੰਦੇ ਸਨ ਸਾਈਕਲ ਸਵਾਰ ।
ਅਸੀਂ ਤਾਂ ਬਹੁਤੇ ਪੈਦਲ ਹੀ ਸਾਂ ਡੰਡੀਆਂ ਉੱਤੇ ਤੁਰਦੇ ।
ਹਸ ਖੇਡ ਸ਼ਹਿਰ ਸਾਂ ਜਾਂਦੇ ਐਵੇਂ ਨਹੀਂ ਸਾਂ ਝੁਰਦੇ ।
ਪਹਿਲੇ ਦਿਨ ਪਹਿਲਾ ਸ਼ੋ ਇਹ ਸੀ ਬਸ ਮਨ ਪ੍ਰਚਾਵਾ ।
ਜੇਕਰ ਟਿਕਟ ਮਿਲ ਨਾ ਸਕਣੀ ਹੁੰਦਾ ਸੀ ਬਹੁਤ ਪਛਤਾਵਾ ।
ਬੁੱਧਵਾਰ ਨੂੰ ਵਿਨਾਕਾ ਸੁਨਣ ਕਾਮਨ ਰੂਮ ਸੀ ਭਰਦਾ ।
ਰੇਡੀਓ ਸੀ ਇਕੋ ਸੋਮਾ ਮਨ ਪ੍ਰਚਾਵਾ ਕਰਦਾ ।
ਹੁਣ ਤਾਂ ਬਾਜੀ ਮਾਰੀ ਕੁੜੀਆਂ ਅੱਧ ਤੋਂ ਅੱਗੇ ਲੰਘੀਆਂ ।
ਹਰ ਪਾਸੇ ਇਹ ਹਨ ਮੋਹਰੀ ਸਭ ਥਾਵਾਂ ਨੇ ਮੱਲੀਆਂ ।
ਉਦੋਂ ਤੇ ਬਸ ਬੁਆਏ ਹੀ ਸਨ ਜਾਂ ਰੇਤ ਸੀ ਉਡਦੀ ।
ਮੂਨ ਲਾਈਟ ਹੋਸਟਲ ਸੀ ਇਕੋ ਹਰ ਪਾਸੇ ਉਜਾੜ ਸੀ ਦਿਸਦੀ ।
ਓਲਡ ਬੁਆਏ ਮੀਟ 1958 ਵਿੱਚ ਪਹਿਲੀ ਕਵਿਤਾ ਗਈ ਸੀ ਪੜ੍ਹੀ ।
ਤੁਹਾਥੋਂ ਮਿਲੇ ਪਿਆਰ ਦਾ ਸਦਕਾ ਚਲਦੀ ਰਹੀ ਹੁਣ ਤਕ ਇਹ ਕੜੀ ।
ਜਦੋਂ ਅਸੀਂ ਦਾਖਲ ਹੋਏ ਪੁਰੇਵਾਲ ਸਾਹਿਬ ਦੀ ਸੀ ਸਰਦਾਰੀ ।
ਉਨ੍ਹਾਂ ਪਿੱਛੋਂ ਜਿਤਨੇ ਵੀ ਆਏ ਸਭ ਨਾਲ ਰਹੀ ਸਾਂਝ ਪਿਆਰੀ ।
ਇਹੋ ਸਾਡਾ ਅੰਨ ਦਾਤਾ ਇੱਥੋਂ ਹੀ ਗਿਆਨ ਮਿਲਿਆ ।
68 ਸਾਲ ਇਸ ਦੀ ਛਾਂ ਹੈ ਮਾਣੀ ਪਿਆਰ ਦਾ ਰਿਹਾ ਫੁੱਲ ਖਿੜਿਆ ।
ਸਾਰਾ ਸਾਲ ਮੀਡੀਏ ਅੰਦਰ ਡਾ. ਜੌਹਲ ਗੋਸਲ ਜਲਵੇ ਖ਼ੂਬ ਵਿਖਾਏ ।

ਆਪਣੀਆਂ ਪ੍ਰਾਪਤੀਆਂ ਕਾਰਨ ਹਰ ਪਾਸੇ ਉਹ ਰਹੇ ਛਾਏ ।
ਪਦਮ ਭੂਸ਼ਨ ਤੇ ਅਨੇਕ ਪ੍ਰਾਪਤੀਆਂ ਜੌਹਲ ਲੈਣ ਖ਼ੂਬ ਨਜਾਰੇ ।
ਗੋਸਲ ਸਾਹਿਬ ਵੀ ਹਰ ਥਾਂ ਦਿਸਦੇ ਕੁਰਸੀ ਦੇ ਲੈਣ ਹੁਲਾਰੇ ।
ਇਕ ਇਕ ਕਰਕੇ ਤੁਰਦੇ ਜਾਂਦੇ ਆਪਣੇ ਸੀ ਜੋ ਹਾਣੀ ।
ਰਹਿੰਦਾ ਜੀਵਨ ਖੁਲ੍ਹ ਕੇ ਮਾਣੋ ਜਿਹੜੀ ਸਦਰ ਨਹੀਂ ਸੀ ਮਾਣੀ ।
ਖਾਵੋ ਖਰਚੋ ਖੁੱਲ੍ਹ ਕੇ ਸੱਜਣੋ ਖ਼ੂਬ ਅਨੰਦ ਮਨਾਈਏ ।
ਜਿੱਥੋਂ ਤੱਕ ਹੋ ਸਕੇ ਲੋੜਵੰਦਾਂ ਦੇ ਕੰਮ ਵੀ ਆਈਏ ।
ਬੁੱਢੇ ਹੋਏ ਮਾਹਿਰਾਂ ਨੇ ਇਥੇ ਸੇਵਾ ਖ਼ੂਬ ਕਮਾਈ ।
ਐਪਰ ਲੋੜ ਪੈਣ ਤੇ ਸਾਡੀ ਕਦਰ ਨਾ ਕਿਸੇ ਪਾਈ ।
ਪੈਨਸ਼ਨ ਲਈ ਅਦਾਲਤ ਪਹੁੰਚੇ ਅੱਕ ਬੂਹਾ ਖੜਕਾਇਆ ।
ਅਦਾਲਤਾਂ ਦੇ ਮੁੜ ਧੱਕੇ ਖਾਧੇ ਮਿਲਿਆ ਤਾਂ ਬਕਾਇਆ ।
ਸਰਕਾਰੀ ਗਲਤੀ ਹੜ੍ਹ ਆਏ ਰੱਜ ਉਨ੍ਹਾਂ ਕਹਿਰ ਕਮਾਇਆ ।
ਪਿੰਡਾਂ ਦੇ ਵਿੱਚ ਪਾਣੀ ਵੜਿਆ ਫ਼ਸਲ ਡੰਗਰਾਂ ਦਾ ਹੋਇਆ ਸਫਾਇਆ ।
ਪੰਜਾਬੀਆਂ ਨਾਲ ਭਰਾਵਾਂ ਆਪਣੇ ਖ਼ੂਬ ਸਹਾਇਤਾ ਕੀਤੀ ।
ਸਰਕਾਰਾਂ ਦੀ ਤਾਂ ਕੇਵਲ ਖਾਨਾ ਪੂਰਤੀ ਸਾਰ ਨਾ ਕਿਸੇ ਲੀਤੀ ।
ਯੂਨੀਵਰਸਿਟੀ ਵਾਲੇ ਵੀ ਅੱਗੇ ਆਏ ਬੀਜ ਉਨ੍ਹਾਂ ਤਾਂਈ ਪਹੁੰਚਾਇਆ ।
ਹਰ ਤਰ੍ਹਾਂ ਦੀ ਕਰ ਸਹਾਇਤਾ ਆਪਣਾ ਫ਼ਰਜ ਨਿਭਾਇਆ ।
ਬੁੱਢਿਆਂ ਵੀ ਕੀਤੇ ਇਕੱਠੇ ਪੈਸੇ ਆਪਣਾ ਹਿੱਸਾ ਪਾਇਆ ।
ਬਚੀ ਰਕਮ ਕਿਵੇਂ ਖਰਚ ਹੈ ਕਰਨੀ ਇਹ ਸਮਝ ਨਾ ਆਇਆ ।
ਸੁਣਿਆ ਨਵੀਂ ਸੜਕ ਬਣ ਕੇ ਯੂਨੀਵਰਸਿਟੀ ਦੀ ਸ਼ਾਨ ਬਣੇਗੀ ।
ਰੁੱਖਾਂ ਦੀ ਜੇ ਦਿੱਤੀ ਕੁਰਬਾਨੀ ਇਹ ਸਾਨੂੰ ਬਦਨਾਮ ਕਰੇਗੀ ।
ਇਹ ਰੁੱਖ ਇਤਿਹਾਸ ਹੈ ਸਾਡਾ ਸਾਡੀ ਹੈ ਇਹੋ ਸ਼ਾਨ ।
ਇਨ੍ਹਾਂ ਕਰਕੇ ਹੀ ਇਥੋਂ ਦਾ ਹਰ ਥਾਂ ਹੁੰਦਾ ਪਿਆ ਹੈ ਮਾਣ ।
ਵਧਾਈ ਹੋਵੇ ਗੋਸਲ ਜੀ ਸੁਣਿਆ ਨਵਾਂ ਟ੍ਰੈਕਟਰ ਬਣਾਇਆ ।
ਡਰਾਈਵਰ ਦੀ ਲੋੜ ਨਾ ਕੋਈ ਉਹੋ ਕਰੂ ਜੋ ਹੁਕਮ ਸੁਣਾਇਆ ।
ਕੰਮ ਤੋਂ ਮੁੰਡੇ ਪਹਿਲਾਂ ਸਨ ਭੱਜਦੇ ਹੁਣ ਤਾਂ ਮੌਜਾਂ ਹੋਈਆਂ ।
ਹਲਟ, ਹਲ, ਵੇਲਣੇ ਪਹਿਲਾਂ ਸਨ ਛੁਟੇ ਨਾ ਜੋਗਾਂ ਜੁਹੀਆਂ ।
ਕਿਸਾਨਾਂ ਦੇ ਮੁੰਡੇ ਕਿਸੇ ਆਹਰੇ ਲੱਗਣ ਐਸੀ ਕੋਈ ਬਣਤ ਬਣਾਈਏ ।
ਵਿਹਲ ਅਜੇਹੀ ਚਿੰਬੜੀ ਕਈ ਮੁਸੀਬਤਾਂ ਗਲ ਹਨ ਪਾਈਆਂ ।
ਛੋਟੇ ਕਿਸਾਨਾਂ ਦੀ ਵਧ ਗਿਣਤੀ ਕਣਕ-ਝੋਨਾ ਨਾ ਆਹਰੇ ਲਾਵੇ ।
ਵਿਹਲਾ ਦਿਮਾਗ ਘਰ ਸ਼ੈਤਾਨ ਦਾ ਉਲਟੇ ਕੰਮ ਕਈ ਕਰਦਾ ਜਾਵੇ ।
ਖੋਜ ਦਾ ਮੁੱਖ ਮੋੜਿਆਂ ਹੀ ਕਿਸਾਨ ਦੀ ਆਮਦਨ ਵਧ ਸਕਦੀ ਹੈ ।
ਮਿੱਸੀ ਖੇਤੀ ਨੂੰ ਅਪਨਾ ਕੇ ਜੁਆਨੀ ਆਹਰੇ ਲੱਗ ਸਕਦੀ ਹੈ ।
ਮਸ਼ੀਨਾਂ ਅਜੇਹੀਆਂ ਬਣਾਈਏ ਕੰਮ ਤਾਂ ਉਹ ਕਰਨ ਸੁਖਾਲੇ ।
ਬੰਦੇ ਦੀ ਪਰ ਥਾਂ ਨਾ ਲੈਵਣ ਰੁਜਗਾਰ ਨੂੰ ਲੱਤ ਨਾ ਮਾਰੇ ।

ਜ਼ਮੀਨ ਥੋਹੜੀ ਕਫ਼ਰੀ ਵਾਧੂ ਘਣੀ ਖੇਤੀ ਦੇ ਲੜ ਲਾਈਏ ।
ਸਹਾਇਕ ਧੰਦੇ ਵੀ ਅਪਨਾਉਣ ਐਸੀ ਕੋਈ ਵਿਉਂਤ ਬਣਾਈਏ ।
ਸਰਕਾਰਾਂ ਕੋਲ ਸਮਾਂ ਨਹੀਂ ਹੈ ਨਾ ਹੀ ਹਨ ਵਸੀਲੇ ।
ਚੋਣਾਂ ਹੀ ਮੱਤ ਮਾਰੀ ਰੱਖਣ ਜਿਤਣਾ ਹੀ ਹੈ ਹਰ ਹੀਲੇ ।
ਇਸ ਵਰ੍ਹੇ ਵੀ ਖ਼ੂਬ ਚਰਚਾ ਹੋਈਆਂ ਬਾਹਰੋਂ ਮਾਹਿਰ ਆਏ ।
ਅਮਲੀ ਰੂਪ ਕਿਵੇਂ ਜਾਵੇ ਦਿੱਤਾ ਕਰੋ ਕੋਈ ਉਪਾਏ ।
ਲੋੜ ਬੜੀ ਹੈ ਡੂੰਘੀ ਹੋਵੇ ਬਹੁਪੱਖੀ ਸੋਚ ਵਿਚਾਰ ।
ਛੋਟੇ ਕਿਸਾਨਾਂ ਲਈ ਕਰੋ ਕੋਈ ਨੀਤੀ ਤਿਆਰ ।
ਅਸੀਂ ਹਾਂ ਵਡਭਾਗੇ ਸਜਣੋ ਉਨ੍ਹਾਂ ਦੀ ਸੇਵਾ ਕਰਦੇ ।
ਦਿਨ ਰਾਤ ਮਿਹਨਤ ਕਰਕੇ ਲੋਕਾਂ ਦਾ ਢਿੱਡ ਉਹ ਭਰਦੇ ।
ਆਪਣੇ ਬਾਰੇ ਕਦੇ ਨਾ ਸੋਚੋ ਜਦੋਂ ਸੇਵਾ ਕਰੀਏ ।
ਸਾਡਾ ਭਲਾ ਤਾਂ ਹੋ ਹੀ ਜਾਣਾ ਢਿੱਡ ਉਨ੍ਹਾਂ ਦਾ ਭਰੀਏ ।
ਖਤਰਿਆਂ ਵਿੱਚ ਘਿਰਿਆ ਹਰ ਸਮੇਂ ਰਹੇ ਉਹ ਡਰਦਾ ।
ਅੰਨਦਾਤਾ ਬਣਨ ਦੇ ਲਈ ਰਜ ਮਿਹਨਤ ਹੈ ਕਰਦਾ ।
ਅੱਧੀ ਸਦੀ ਪਹਿਲਾਂ ਜਿਹੜਾ ਸੀ ਅਸੀਂ ਰਾਹ ਵਿਖਾਇਆ ।
ਸਾਡੇ ਉਤੇ ਕਰ ਭਰੋਸਾ ਉਸੇ ਨੂੰ ਉਸ ਸੀ ਅਪਨਾਇਆ ।
ਕਿਸਾਨਾਂ ਪੂਰੀ ਮਿਹਨਤ ਕੀਤੀ ਖ਼ੂਬ ਹੈ ਅੰਨ ਉਗਾਇਆ ।
ਭੁੱਖ ਨਾਲ ਲੜਦੇ ਦੇਸ਼ ਤਾਈਂ ਭੁੱਖਮਰੀ ਤੋਂ ਬਚਾਇਆ ।
ਅੱਧੀ ਸਦੀ ਤੋਂ ਸਾਥੀਓ ਖੇਤੀ ਉਥੇ ਦੀ ਉਥੇ ਖੜੀ ਹੈ ।
ਇਸ ਖੜੋਤ ਨੂੰ ਤੋੜਣ ਦੀ ਹੁਣ ਲੋੜ ਬੜੀ ਹੈ ।
ਹਰ ਵਰ੍ਹੇ ਲੱਖਾਂ ਕਿਸਾਨ ਇਥੋਂ ਦੇ ਹਨ ਗੇੜੇ ਲਾਉਂਦੇ ।
ਇਥੋਂ ਕੁਝ ਨਵਾਂ ਮਿਲੂ ਇਹੋ ਆਸ ਲੈ ਕੇ ਉਹ ਆਉਂਦੇ ।
ਹੁਣ ਹਨ ਖੋਜ ਵਸੀਲੇ ਵਾਧੂ ਨਵਾਂ ਕੁਝ ਕਰ ਵਿਖਾਈਏ ।
ਪਿਛਲਾ ਨਿੱਘ ਬਹੁਤ ਮਾਣਿਆ ਅੱਗੇ ਵੀ ਹੁਣ ਪੈਰ ਵਧਾਈਏ ।

# ਕੁਦਰਤ ਦਾ ਅਨਮੋਲ ਤੋਹਫ਼ਾ ਹੈ ਹਰੀਕੇ ਵੈਟਲੈਂਡ

ਹਰੀਕੇ ਵੈਟਲੈਂਡ ਕੁਦਰਤੀ ਸੁਹੱਪਣ ਅਤੇ ਵਿਰਾਸਤ ਦਾ ਅਜਿਹਾ ਅਨਮੋਲ ਖਜ਼ਾਨਾ ਹੈ ਕਿ ਜੇਕਰ ਇਸ ਨੂੰ ਸੈਰਗਾਹ ਵਜੋਂ ਵਿਕਸਿਤ ਕੀਤਾ ਜਾਵੇ ਤਾਂ ਜ਼ਿਲ੍ਹਾ ਫਿਰੋਜ਼ਪੁਰ ਅਤੇ ਤਰਨ ਤਾਰਨ ਦਾ ਇਹ ਸਰਹੱਦੀ ਇਲਾਕਾ ਆਰਥਿਕ ਪੱਖੋਂ ਖੁਸ਼ਹਾਲ ਹੋ ਸਕਦਾ ਹੈ। ਵਿਸ਼ਵ ਜਲਗਾਹਾਂ ਦਿਵਸ ਮੌਕੇ ਵਾਤਾਵਰਣ ਪ੍ਰੇਮੀ ਡਾ. ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਨੇ ਕਿਹਾ ਕਿ ਜਲਗਾਹਾਂ ਵਾਤਾਵਰਣ ਦੇ ਗੁਰਦੇ ਹਨ। ਇਨ੍ਹਾਂ ਦੀ ਸੰਭਾਲ ਕਰਨਾ ਸਮੇਂ ਦੀ ਵੱਡੀ ਲੋੜ ਹੈ। ਜਲਗਾਹਾਂ (ਵੈਟਲੈਂਡ) ਅਜਿਹਾ ਸਥਾਨ ਹੈ, ਜਿੱਥੇ ਕੁਦਰਤ ਦਾ ਸੁਹੱਪਣ ਦੇਖਦਿਆਂ ਹੀ ਬਣਦਾ ਹੈ। ਜਲਗਾਹਾਂ (ਵੈਟਲੈਂਡ) ਦੀ ਮਹੱਤਤਾ ਨੂੰ ਦੇਖਦੇ ਹੋਏ 2 ਫਰਵਰੀ ਦਾ ਦਿਨ 'ਵਿਸ਼ਵ ਜਲਗਾਹਾਂ ਦਿਵਸ' ਵਜੋਂ ਮਨਾਇਆ ਜਾਂਦਾ ਹੈ, ਜਿਸ ਦਾ ਉਦੇਸ਼ ਪੂਰੇ ਵਿਸ਼ਵ ਵਿੱਚ ਘੱਟ ਰਹੇ ਜਲਗਾਹਾਂ, ਝੀਲਾਂ, ਨਦੀਆਂ, ਦਲ-ਦਲ ਨੂੰ ਸੰਭਾਲਣਾ ਹੈ। ਪੰਜਾਬ ਦੀ ਹਰੀਕੇ ਵੈਟਲੈਂਡ ਉੱਤਰੀ ਭਾਰਤ ਦੀ ਤਾਜੇ ਪਾਣੀ ਦੀ ਵੱਡੀ ਵੈਟਲੈਂਡ ਹੈ, ਜੋ ਕਿ ਲਗਭਗ 41 ਵਰਗ ਕਿਲੋਮੀਟਰ ਵਿੱਚ ਫੈਲੀ ਹੋਈ ਹੈ। 1952 ਵਿੱਚ ਹਰੀਕੇ ਬੈਰਾਜ ਦੇ ਨਿਰਮਾਣ ਨਾਲ ਹੋਂਦ ਵਿੱਚ ਆਈ, ਇਸ ਜਲਗਾਹ ਨੂੰ 1990 ਵਿੱਚ ਰਾਮਸਰ ਲਿਸਟ ਵਿੱਚ ਸ਼ਾਮਲ ਕੀਤਾ ਗਿਆ, ਜੋ ਇਸ ਦੀ ਅੰਤਰਰਾਸ਼ਟਰੀ ਪੱਧਰ 'ਤੇ ਮਹੱਤਤਾ ਨੂੰ ਦਰਸਾਉਂਦਾ ਹੈ। ਜ਼ਿਲ੍ਹਾ ਫਿਰੋਜ਼ਪੁਰ ਅਤੇ ਤਰਨ ਤਾਰਨ ਦੀ ਸਰਹੱਦ 'ਤੇ ਸਥਿਤ ਇਹ ਜਲਗਾਹ ਸਿਰਫ ਪੰਜਾਬ ਹੀ ਨਹੀਂ, ਸਗੋਂ ਪੂਰੇ ਦੇਸ਼ ਦੀ ਕੁਦਰਤੀ ਧਰੋਹਰ ਹੈ। ਇਸ ਦੀ ਸੁਰੱਖਿਆ ਸਾਡੇ ਭਵਿੱਖ, ਪਾਣੀ, ਜੈਵਿਕ ਵਿਭਿੰਨਤਾ ਅਤੇ ਕੁਦਰਤੀ ਸੰਤੁਲਨ ਲਈ ਬੇਹੱਦ ਜ਼ਰੂਰੀ ਹੈ। ਸਤਲੁਜ ਅਤੇ ਬਿਆਸ ਦਰਿਆ ਦੇ ਸੰਗਮ ਤੇ ਸਥਿਤ ਇਹ ਜਲਗਾਹ ਵੈਟਲੈਂਡ ਲੱਖਾਂ ਜਲ ਜੀਵਾਂ ਅਤੇ ਸਰਦੀਆਂ ਦੇ ਮੌਸਮ ਵਿੱਚ ਪ੍ਰਵਾਸੀ ਪੰਛੀਆਂ ਲਈ ਸੁਰੱਖਿਅਤ ਆਸਰਾ ਹੈ। ਹਰ ਸਾਲ ਸਰਦੀਆਂ ਦੇ ਮੌਸਮ ਵਿੱਚ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਪ੍ਰਵਾਸੀ ਪੰਛੀ ਆਪਣਾ ਅਸਥਾਈ ਟਿਕਾਣਾ ਬਣਾਉਂਦੀਆਂ ਹਨ। ਜੋ ਕਿ ਕੁਦਰਤੀ ਸੁਹੱਪਣ ਦੇ ਨਾਲ-ਨਾਲ ਪੰਜਾਬ ਦੀ ਜੈਵਿਕ ਵਿਭਿੰਨਤਾ ਨੂੰ ਹੋਰ ਮਜ਼ਬੂਤ ਕਰਦੇ ਹਨ। ਇਸ ਤੋਂ ਇਲਾਵਾ ਮੱਛੀਆਂ ਦੀਆਂ ਕੀਮਤੀ ਕਿਸਮਾਂ, ਕੱਛੂਏ, ਡੱਡੂ ਅਤੇ ਹਜ਼ਾਰਾਂ ਜਲ-ਜੀਵ ਕੁਦਰਤੀ ਸੰਤੁਲਨ ਦੀ ਮਿਸਾਲ ਇੱਥੇ ਦੇਖਣ ਨੂੰ ਮਿਲਦੀ ਹੈ। ਜਲ ਘਾਹ, ਜਲ ਕਾਈ ਅਤੇ ਕਮਲ ਦੇ ਫੁੱਲ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਹਨ। ਹਰੀਕੇ ਵੈਟਲੈਂਡ ਦੀ ਮਹੱਤਤਾ ਸਿਰਫ ਜੰਗਲੀ ਜੀਵ ਜਾਂ ਜਲ ਜੀਵ ਸੁਰੱਖਿਆ ਤੱਕ ਹੀ ਸੀਮਤ ਨਹੀਂ। ਇਹ ਪੰਜਾਬ ਤੋਂ ਰਾਜਸਥਾਨ ਤੱਕ ਸਿੰਚਾਈ, ਪੀਣ ਵਾਲੇ ਪਾਣੀ ਦੀ ਸਪਲਾਈ, ਹੜ੍ਹ ਕੰਟਰੋਲ ਅਤੇ ਹਵਾ ਪਾਣੀ ਦੀ ਸ਼ੁੱਧਤਾ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।



### ਗੈਰ-ਕਾਨੂੰਨੀ ਗਤੀਵਿਧੀਆਂ ਕਾਰਨ ਵੈਟਲੈਂਡ ਦੀ ਹੋਂਦ ਖਤਰੇ ਵਿੱਚ

ਡਾਕਟਰ ਸਤਿੰਦਰ ਸਿੰਘ ਨੇ ਕਿਹਾ ਕਿ ਇਹ ਵੈਟਲੈਂਡ ਵਾਤਾਵਰਨ ਪ੍ਰੇਮੀਆਂ ਲਈ ਸਤਿਕਾਰ ਅਤੇ ਸ਼ਰਧਾ ਦਾ ਸਥਾਨ ਹੈ। ਵਿਦਿਆਰਥੀਆਂ, ਖੋਜਕਰਤਾਵਾਂ, ਵਾਤਾਵਰਣ ਅਤੇ ਜਲ-ਜੀਵ ਖੋਜੀਆਂ ਲਈ ਖੋਜ ਦਾ ਬਹੁਤ ਵੱਡਾ ਕੇਂਦਰ ਅਤੇ ਜੀਵੰਤ ਪ੍ਰਯੋਗਸ਼ਾਲਾ ਵੀ ਬਣ ਸਕਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਅੱਜ ਹਰੀਕੇ ਵੈਟਲੈਂਡ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਦਰਿਆਵਾਂ ਰਾਹੀਂ ਖਾਸ ਤੌਰ 'ਤੇ ਸਤਲੁਜ ਦਰਿਆ ਰਾਹੀਂ ਆ ਰਹੀ ਉਦਯੋਗਿਕ ਅਤੇ ਘਰੇਲੂ ਗੰਦਗੀ, ਜਲ ਕੁੰਭੀ ਦਾ ਬੇਤਹਾਸ਼ਾ ਵਾਧਾ, ਪਾਣੀ ਦੇ ਪੱਧਰ ਵਿੱਚ ਕਮੀ, ਗੈਰ-ਕਾਨੂੰਨੀ ਸ਼ਿਕਾਰ ਅਤੇ ਗੈਰ-ਕਾਨੂੰਨੀ ਜ਼ਮੀਨੀ ਕਬਜ਼ੇ ਇਸ ਦੀ ਸੁੰਦਰਤਾ ਅਤੇ ਹੋਂਦ ਲਈ ਖਤਰਾ ਬਣ ਰਹੇ ਹਨ। ਪ੍ਰਵਾਸੀ ਪੰਛੀਆਂ ਦੀ ਆਮਦ ਵਿੱਚ ਕਮੀ ਦਾ ਵੱਡਾ ਕਾਰਨ ਬਣ ਰਹੀਆਂ ਹਨ। ਜੇ ਸਮੇਂ ਸਿਰ ਢੁੱਕਵੇਂ ਕਦਮ ਨਾ ਚੁੱਕੇ ਗਏ ਤਾਂ ਇਹ ਅਨਮੋਲ ਧਰੋਹਰ ਭਵਿੱਖ ਵਿੱਚ ਵੱਡੇ ਨੁਕਸਾਨ ਦਾ ਸ਼ਿਕਾਰ ਹੋ ਸਕਦੀ ਹੈ।

### ਸਰਕਾਰ ਤੇ ਲੋਕ ਸਾਂਝੇ ਤੌਰ 'ਤੇ ਨਿਭਾਉਣ ਸੰਭਾਲ ਦੀ ਜ਼ਿੰਮੇਵਾਰੀ

ਇਸ ਅਨਮੋਲ ਵੈਟਲੈਂਡ ਦੀ ਸੰਭਾਲ ਸਿਰਫ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਲੋੜ ਹੈ ਕਿ ਸਰਕਾਰ, ਪ੍ਰਸ਼ਾਸ਼ਨ ਅਤੇ ਆਮ ਲੋਕ ਮਿਲ ਕੇ ਹਰੀਕੇ ਵੈਟਲੈਂਡ ਦੀ ਸੁਰੱਖਿਆ ਲਈ ਸਾਂਝੀ ਜ਼ਿੰਮੇਵਾਰੀ ਨਿਭਾਉਣ ਤਾਂ ਹੀ ਇਸ ਦਾ ਭਵਿੱਖ ਸੁਰੱਖਿਅਤ ਤੇ ਸਿਹਤਮੰਦ ਹੋਵੇਗਾ। ਜਾਗਰੂਕਤਾ ਮੁਹਿੰਮਾਂ, ਜਲ ਕੁੰਭੀ ਨੂੰ ਵਿਗਿਆਨਕ ਢੰਗ ਨਾਲ ਹਟਾਉਣ ਲਈ ਯਤਨ ਕੀਤੇ ਜਾਣ, ਗੈਰ-ਕਾਨੂੰਨੀ ਕਬਜ਼ਿਆਂ ਤੇ ਗੈਰ-ਕਾਨੂੰਨੀ ਸ਼ਿਕਾਰ ਲਈ ਸਖਤ ਕਾਨੂੰਨ ਬਣਾਏ ਜਾਣ, ਵਾਤਾਵਰਣ ਸੰਭਾਲ ਪ੍ਰਤੀ ਰਵਾਇਤੀ ਤਜ਼ਰਬੇ ਅਤੇ ਗਿਆਨ ਨੂੰ ਆਧੁਨਿਕ ਵਿਗਿਆਨ ਨਾਲ ਜੋੜ ਕੇ ਵਿਸ਼ੇਸ਼ ਯਤਨਾਂ ਦੀ ਜ਼ਰੂਰਤ ਹੈ। ਉਦਯੋਗਿਕ ਤੇ ਘਰੇਲੂ ਪ੍ਰਦੂਸ਼ਣ ਉੱਤੇ ਸਖਤ ਕੰਟਰੋਲ ਤੇ ਵਿਗਿਆਨਕ ਪ੍ਰਬੰਧਨ ਰਾਹੀਂ ਹੀ, ਇਸ ਕੁਦਰਤੀ ਵਿਰਾਸਤ ਨੂੰ ਬਚਾਇਆ ਜਾ ਸਕਦਾ ਹੈ। ਹਰੀਕੇ ਵੈਟਲੈਂਡ ਦੀ ਰੱਖਿਆ ਕਰਨਾ ਸਿਰਫ ਅੱਜ ਦੀ ਲੋੜ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼ ਪਾਣੀ, ਸਿਹਤਮੰਦ ਵਾਤਾਵਰਣ ਅਤੇ ਕੁਦਰਤੀ ਸੰਤੁਲਨ ਦੀ ਗਾਰੰਟੀ ਹੈ।

 RNI/42269/83 (PUNPUN00806) Postage Registered No. PB/PTA/0338/2025-2027

# ਕੌਮਾਂਤਰੀ ਪੀ.ਡੀ.ਐਫ.ਏ. ਡੇਅਰੀ ਅਤੇ ਖੇਤੀ ਐਕਸਪੋ ਤਿੰਨ ਦਿਨਾ ਮੇਲਾ ਧੂਮਧਾਮ ਨਾਲ ਸਮਾਪਤ

## • ਐਸ.ਬੀ.ਐਸ. ਨਗਰ ਦੇ ਪ੍ਰਿਤਪਾਲ ਸਿੰਘ ਦੀ ਗਾਂ ਬਣੀ ਜੇਤੂ, 79.126 ਕਿਲੋ ਦੁੱਧ ਦਿੱਤਾ ਅਤੇ ਜਿੱਤਿਆ ਟਰੈਕਟਰ • ਦੁੱਧ ਚੁਆਈ ਅਤੇ ਬਰੀਡ ਮੁਕਾਬਲਿਆਂ ਦੇ ਪੰਜ ਜੇਤੂਆਂ ਨੂੰ ਬੁਲੇਟ ਮਿਲੇ




ਪੀ. ਡੀ. ਐਫ. ਏ. ਦਾ 19ਵਾਂ ਕੌਮਾਂਤਰੀ ਡੇਅਰੀ ਅਤੇ ਖੇਤੀ ਐਕਸਪੋ ਜਗਰਾਉਂ ਵਿਖੇ ਅਗਲੇ ਸਾਲ ਮਿਲਣ ਦੇ ਵਾਅਦੇ ਨਾਲ ਸਫਲਤਾਪੂਰਵਕ ਸਮਾਪਤ ਹੋ ਗਿਆ । ਕੌਮਾਂਤਰੀ ਪ੍ਰਸਿੱਧੀ ਅਤੇ ਆਪਣੀ ਕਿਸਮ ਦੇ ਨਿਵੇਕਲੇ ਇਸ ਮੇਲੇ ਵਿੱਚ ਜਿੱਥੇ ਇੱਕ ਪਾਸੇ ਐਤਕੀਂ ਵੱਡੇ ਇਕੱਠ ਦੇ ਪਿਛਲੇ ਸਾਰੇ ਰਿਕਾਰਡ ਟੁੱਟੇ, ਉੱਥੇ ਹੀ ਦੁੱਧ ਚੁਆਈ ਦੇ ਮੁਕਾਬਲੇ ਵਿੱਚ ਪ੍ਰਿਤਪਾਲ ਸਿੰਘ ਨਵਾਂ ਸ਼ਹਿਰ ਦੀ ਗਾਂ ਨੇ 79.126 ਕਿਲੋਗ੍ਰਾਮ ਦੁੱਧ ਦਿੰਦਿਆਂ ਕੌਮੀ ਚੈਂਪੀਅਨ ਬਣੀ । ਪ੍ਰਿਤਪਾਲ ਸਿੰਘ ਦੀ ਦੂਜੀ ਗਾਂ ਨੇ ਇਸ ਮੁਕਾਬਲੇ ਵਿੱਚ 76.125 ਕਿਲੋਗ੍ਰਾਮ ਦੁੱਧ ਦਿੰਦਿਆਂ ਦੂਜਾ ਸਥਾਨ ਵੀ ਆਪਣੇ ਨਾਂ ਕੀਤਾ । ਸੰਧੂ ਡੇਅਰੀ ਫਾਰਮ ਪਿੰਡ ਕੁਲਾਰ ਦੀ ਗਾਂ ਨੇ 74.467 ਕਿਲੋ ਦੁੱਧ ਦਿੰਦਿਆਂ ਤੀਜਾ ਸਥਾਨ ਹਾਸਲ ਕੀਤਾ । ਪ੍ਰਿਤਪਾਲ ਸਿੰਘ ਨੂੰ ਪੀ. ਡੀ. ਐਫ. ਏ. ਵੱਲੋਂ ਟਰੈਕਟਰ ਇਨਾਮ ਵਿੱਚ ਦਿੱਤਾ ਗਿਆ । ਟਰੈਕਟਰ ਦੀਆਂ ਚਾਬੀਆਂ ਪੀ. ਡੀ. ਐਫ. ਏ. ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਤੇ ਬਾਕੀ ਅਹੁੱਦੇਦਾਰਾਂ ਨੇ ਮਿਲਕਫੈਡ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ, ਐਮ. ਡੀ. ਰਾਹੁਲ ਗੁਪਤਾ ਨਾਲ ਮਿਲ ਕੇ ਸੌਂਪੀਆਂ । ਦੁੱਧ ਚੁਆਈ ਤੇ ਬਰੀਡ ਮੁਕਾਬਲਿਆਂ ਦੇ ਜੇਤੂਆਂ ਨੂੰ ਪੰਜ ਬੁਲੇਟ ਮੋਟਰਸਾਈਕਲ ਦਿੱਤੇ ਗਏ । ਐਚ. ਐਫ. ਚਾਰ ਦੰਦ (ਗਾਂਵਾਂ ਦੇ ਦੰਦਾਂ ਬਾਰੇ) ਮੁਕਾਬਲਿਆਂ ਵਿੱਚ ਗਿੱਦੜਵਿੰਡੀ ਪਿੰਡ ਦੇ ਸਰਪੰਚ ਸੁਖਦੇਵ ਸਿੰਘ ਦੀ ਗਾਂ ਨੇ 55.305 ਕਿਲੋ ਦੁੱਧ ਦਿੰਦਿਆਂ ਪਹਿਲਾ, ਜਦੋਂਕਿ ਬਠਿੰਡਾ ਦੇ ਮੇਜਰ ਸਿੰਘ ਦੀ ਗਾਂ ਨੇ 43.965 ਕਿਲੋ ਦੁੱਧ ਦਿੰਦਿਆਂ ਦੂਜਾ ਸਥਾਨ ਹਾਸਲ ਕੀਤਾ ।

ਐਚ. ਐਫ. ਗਾਂਵਾਂ ਦੇ ਦੋ ਦੁੱਧ ਮੁਕਾਬਲਿਆਂ ਵਿੱਚ ਸਿੱਧੂ ਡੇਅਰੀ ਫਾਰਮ ਕੁਲਾਰ ਦੀ ਗਾਂ ਨੇ ਪਹਿਲਾ, ਡਾਲੀਆ ਖੁਰਦ ਪਟਿਆਲਾ ਦੇ ਅਗਰਦੀਪ ਸਿੰਘ ਦੀ ਗਾਂ ਨੇ ਦੂਜਾ ਅਤੇ ਸੰਧੂ ਡੇਅਰੀ ਫਾਰਮ ਦੀ ਗਾਂ ਨੇ ਤੀਜਾ ਸਥਾਨ ਹਾਸਲ ਕੀਤਾ । ਜਰਸੀ ਬਰੀਡ ਗਾਂ ਦੇ ਦੁੱਧ ਚੁਆਈ ਮੁਕਾਬਲੇ ਵਿੱਚ ਸੰਧੂ ਡੇਅਰੀ ਫਾਰਮ ਦੀ ਗਾਂ ਪਹਿਲੇ, ਬਲਦੇਵ ਸਿੰਘ ਹਰਿਆਣਾ ਦੀ ਗਾਂ ਦੂਜੇ ਅਤੇ ਅਮਰਜੀਤ ਸਿੰਘ ਚੀਮਨਾ ਦੀ ਗਾਂ ਨੇ ਤੀਜਾ ਸਥਾਨ ਹਾਸਲ ਕੀਤਾ । ਜਰਸੀ ਚਾਰ ਦੰਦ ਮੁਕਾਬਲੇ ਵਿੱਚ ਅਮਰਜੀਤ ਸਿੰਘ ਚੀਮਨਾ ਦੀ ਗਾਂ ਪਹਿਲੇ ਅਤੇ ਮੋਗਾ ਦੇ ਪਿੰਡ ਮਾਣੂੰਕੇ ਗਿੱਲ ਦੇ ਗੁਰਚਰਨ ਸਿੰਘ ਦੀ ਗਾਂ ਦੂਜੇ ਸਥਾਨ 'ਤੇ ਰਹੀ । ਪੀ. ਡੀ. ਐਫ. ਏ. ਐਕਸਪੋ ਦੇ ਅੰਤਲੇ ਦਿਨ ਜੇਤੂਆਂ 'ਤੇ ਲੱਖਾਂ ਰੁਪਏ ਦੇ ਇਨਾਮਾਂ ਦਾ ਮੀਂਹ ਵਰ੍ਹਿਆ ।

ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਡੇਅਰੀ ਤੇ ਖੇਤੀ ਕਿੱਤੇ ਵਿੱਚ ਕ੍ਰਾਂਤੀ ਲਿਆਉਣ ਅਤੇ ਹੋਰ ਲਾਹੇਵੰਦ ਬਣਾਉਣ ਦਾ ਸੁਨੇਹਾ ਦਿੰਦਿਆਂ ਅਗਲੇ ਵਰ੍ਹੇ ਮੁੜ ਮਿਲਣ ਦੇ ਵਾਅਦੇ ਨਾਲ ਮੇਲੇ ਦੀ ਸਮਾਪਤੀ ਦਾ ਐਲਾਨ ਕੀਤਾ । ਇਸ ਮੌਕੇ ਪ੍ਰੈਸ ਸਕੱਤਰ ਰੇਸ਼ਮ ਸਿੰਘ ਭੁੱਲਰ, ਬਲਵੀਰ ਸਿੰਘ ਨਵਾਂ ਸ਼ਹਿਰ, ਰਾਜਪਾਲ ਸਿੰਘ ਕੁਲਾਰ, ਰਣਜੀਤ ਸਿੰਘ ਲੰਗੇਆਣਾ, ਪਰਮਿੰਦਰ ਸਿੰਘ ਘੁਡਾਣੀ ਆਦਿ ਹਾਜ਼ਰ ਸਨ ।



ਨੌਜਵਾਨ ਡੇਅਰੀ ਫਾਰਮਰ ਪ੍ਰਿਤਪਾਲ ਸਿੰਘ ਆਪਣੇ ਪਿਤਾ ਚਮਨ ਸਿੰਘ ਤੇ ਚੈਂਪੀਅਨ ਗਾਂ ਨਾਲ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ
ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ
ਨਵੀਨਤਮ ਜਾਣਕਾਰੀ ਪਾਓ

ਵਟਸਐਪ ਰਾਹੀਂ
ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/- ਰੁਪਏ

ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ 500 ਰੁਪਏ
ਦੋ ਸਾਲ 800 ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575